# ਮੇਰਾ ਲੌਂਗ ਗੁਆਚਾ

(**ਲਾਲੀ ਚੌਧਰੀ** ਦੀ ਏਸੇ ਨਾਮ ਦੀ ਕਹਾਣੀ 'ਤੇ ਆਧਾਰਿਤ)

ਚੰਡੀਗੜ੍ਹ ਸਕੂਲ ਆਫ ਡਰਾਮਾ ਵੱਲੋਂ ਇਸ ਨੂੰ 8 ਮਾਰਚ 2003 ਲਈ ਤਿਆਰ ਕੀਤਾ ਗਿਆ। ਸਕਰਿਪਟ ਗੁਰਸ਼ਰਨ ਸਿੰਘ ਨੇ ਤਿਆਰ ਕੀਤੀ।

(ਨਾਟਕ ਸ਼ੁਰੂ ਹੋਣ 'ਤੇ ਪਿਛੋਕੜ ਤੋਂ ਗੀਤ ਆ ਰਿਹਾ ਹੈ, ਮੇਰਾ ਲੌਂਗ ਗਵਾਚਾ, ਪਿਛੇ ਪਿਛੇ ਲਭਦਾ ਆਈਂ... ਪਰਦਾ ਖੁਲ੍ਹਦਾ ਹੈ, ਇਕ ਵਿਆਹ ਦੇ ਘਰ ਦਾ ਦ੍ਰਿਸ਼... ਢੋਲਕ ਦਾ ਗੀਤ... ਗੀਤ ਜਦੋਂ ਸਿਖਰ 'ਤੇ ਪੁੱਜਦਾ ਹੈ ਤਾਂ ਮਰਾਸੀ ਇਕ ਖਾਸ ਅੰਦਾਜ਼ ਵਿਚ ਦਾਖ਼ਲ ਹੁੰਦਾ ਹੈ, ਜਿਸ ਤਰ੍ਹਾਂ ਕੋਈ ਖਾਸ ਖ਼ਬਰ ਲਿਆਇਆ ਹੈ... ਇਕ ਪਾਸੇ ਤੋਂ ਅੰਦਰ ਜਾਂਦਾ ਹੈ, ਫੇਰ ਸਕੀਨਾ ਦੇ ਬਾਪ ਨੂੰ ਨਾਲ ਲਿਆਕੇ ਮਾਇੰਮ ਵਿਚ ਗੱਲਾਂ ਕਰਦਾ ਹੈ। ਉਹਦੇ ਐਕਸ਼ਨ ਅਤੇ ਬਾਪ ਦੇ ਚਿਹਰੇ ਦੇ ਪ੍ਰਭਾਵ ਦੱਸਦੇ ਹਨ ਕਿ ਖ਼ਬਰ ਕੋਈ ਚੰਗੀ ਨਹੀਂ। ਇਹ ਗੱਲਾਂ ਦਾ ਮਾਈਮ ਤੇਜ਼ ਹੁੰਦਾ ਹੈ ਤੇ ਫੇਰ ਇਕ ਦਮ ਬਾਪੂ ਦੀ ਆਵਾਜ਼...)

ਬਾਪ : ਬੰਦ ਕਰੋ ਖੁਦਾ ਦੇ ਵਾਸਤੇ ਇਹ ਸਭ ਕੁਝ ਬੰਦ ਕਰੋ।

*(ਨੱਚਦੀਆਂ ਕੁੜੀਆਂ ਇਕ ਖਾਸ ਮੁਦਰਾ ਵਿਚ ਫਰੀਜ਼ ਹੋ ਜਾਂਦੀਆਂ ਹਨ। ਘੁਸਰ ਮੁਸਰ ਹੁੰਦੀ ਹੈ...)*

1 : ਹੈਂ, ਏਨਾਂ ਕਹਿਰ, ਏਨਾਂ ਲਾਲਚ

2 : ਸਲਾਮੀ ਦੀ ਰੱਕਮ ਬਖਰੀ

3 : ਦਹੇਜ ਦੀ ਰੱਕਮ ਬਖਰੀ

1 : ਸਾਰਿਆਂ ਨਾਲੋਂ ਦੂਲੇ ਲਈ ਮੋਟਰ ਸਾਈਕਲ ਲਾਜ਼ਮੀ

2 : ਕੁੜੀ ਵਾਲਿਆਂ ਨੂੰ ਬਿਲਕੁਲ ਥੱਲੇ ਲਾਉਣ ਦੀ ਸ਼ੈਤਾਨੀ

3 : ਫਿਟ ਲਾਅਣਤ ਤੁਹਾਡੇ-ਸ਼ੈਤਾਨ ਦੀ ਔਲਾਦ ਦੇ

*(ਫੇਡ ਆਊਟ)*

*(ਫੇਡ ਇਕ ਦੂਜੇ ਦ੍ਰਿਸ਼ ਦਾ-ਸਟੇਜ ਦੀ ਇਕ ਨੁੱਕਰ 'ਤੇ ਸ.ਗੈਰ ਪੱਤਿਆਂ ਦੇ, ਇਕ ਦਰਖਤ ਦੀਆਂ ਸ਼ਾਖਾਂ ਹਨ। ਸਕੀਨਾ ਕਾਲੀ ਸ਼ਾਲ 'ਚ ਖੜੀ ਹੈ, ਜਿਸ ਤਰ੍ਹਾਂ ਕਿਸੇ ਦੀ ਇੰਤਜ਼ਾਰ ਵਿਚ ਹੈ। ਟਰੈਜਡੀ ਦਾ ਸੰਗੀਤ ਹੈ। ਫਿਆਜ਼ ਆਉਂਦਾ ਹੈ। ਸਲਵਾਰ ਅਤੇ ਲੰਮੀ ਕਮੀਜ਼ ਉਹਦਾ ਪਹਿਰਾਵਾ ਹੈ।*

ਫਿਆਜ਼ : ਕਿਉਂ ? ਕਿਸ ਤਰ੍ਹਾਂ ਯਾਦ ਕੀਤੈ ?

*(ਉਹਨੂੰ ਆਪਣੇ ਕਲਾਵੇ 'ਚ ਲੈਣ ਦੀ ਕੋਸ਼ਿਸ਼ ਕਰਦਾ ਹੈ, ਪਰ ਸਕੀਨਾ ਉਹਦਾ ਹੱਥ ਝੱਟਕ ਦੇਂਦੀ ਹੈ ਅਤੇ ਥੋੜਾ ਪਰ੍ਹਾਂ ਹੋ ਕੇ ਗੱਲ ਕਰਦੀ ਹੈ।)*

ਸਕੀਨਾ : ਯਾਦ ਕੁਝ ਗੱਲਾਂ ਕਰਨ ਲਈ ਕੀਤੈ, ਇਸੇ ਲਈ ਸਹੇਲੀ ਦੇ ਹੱਥ ਪੈਗ਼ਾਮ ਭੇਜਿਆ।

ਫਿਆਜ਼ : ਤੇਰੀ ਉਹ ਸਹੇਲੀ ਤਾਂ ਆਪਣੇ ਆਪ ਵਿਚ ਇਕ ਕਿਆਮਤ ਏ, ਉਹਨੇ ਪੈਗਾਮ ਨਹੀਂ ਬਲਕਿ ਹੁਕਮ ਦਿੱਤਾ ਤੇ ਇਸ ਹੁਕਮ ਦੀ ਤਾਮੀਲ ਕਰਦਾ ਬੰਦਾ ਹਾਜ਼ਰ ਏ।

ਸਕੀਨਾ : ਤੂੰ ਇਸ ਜਗ੍ਹਾ ਨੂੰ, ਇਸ ਦਰਖ਼ਤ ਨੂੰ ਪਹਿਚਾਣਦਾ ਏਂ ?

ਫਿਆਜ਼ : ਹਾਂ ਇਹ ਇਹੋ ਜਗ੍ਹਾ ਏ, ਜਿਥੇ ਸਾਡੀ ਮੁਹੱਬਤ ਦਾ ਆਗਾਜ਼ ਹੋਇਆ।

ਸਕੀਨਾ : ਤੇ ਇਹ ਇਹੋ ਹੀ ਦਰਖ਼ਤ ਏ, ਜੋ ਸਾਡੀ ਮੁਹੱਬਤ ਦਾ ਚਸ਼ਮਦੀਦ ਗਵਾਹ ਏ। ਇਥੇ ਸਾਡੀ ਮੁਹੱਬਤ ਪਰਵਾਜ਼ ਚੜੀ। ਕਿਸੇ ਵੇਲੇ ਇਹ ਦਰਖ਼ਤ ਹਰਾ ਸੀ, ਇਹਦੇ ਪੱਤੇ ਸਨ, ਪਰ ਹੁਣ ਇਹ ਸਿਰਫ ਟਾਹਣੀਆਂ ਰਹਿ ਗਈਆਂ ਨੇ, ਸਭ ਕੁਝ ਸੁੱਕ ਗਿਆ ਏ। ਸ਼ਾਇਦ ਇਹਦੇ ਵੀ ਖਵਾਬ ਮੁੱਕ ਗਏ ਨੇ, ਜਿਸ ਤਰ੍ਹਾਂ ਮੇਰੇ ਖਵਾਬ ਸੁੱਕ ਗਏ ਨੇ।

ਫਿਆਜ਼ : ਮੈਂ ਸਮਝਿਆ ਨਹੀਂ।

ਸਕੀਨਾ : ਮੈਂ ਤੇਰੇ ਨਾਲ ਸਿੱਧੀ ਗੱਲ ਕਰਨੀ ਏ।

ਫਿਆਜ਼ : ਸਿੱਧੀ ਗੱਲ ?

ਸਕੀਨਾ : ਹਾਂ ਸਿੱਧੀ ਗੱਲ, ਤੇਰਾ ਫ਼ੈਸਲਾ ਕੀ ਏ ?

ਫਿਆਜ਼ : (ਕੁਝ ਸੋਚਕੇ) ਇਹ ਫ਼ੈਸਲਾ ਤਾਂ ਉਹੀ ਹੋਵੇਗਾ ਜੋ ਮੇਰੇ ਅੱਬਾ ਹਜ਼ੂਰ ਦਾ ਹੋਵੇਗਾ-ਉਹਨਾਂ ਦੇ ਫੈਸਲੇ ਦਾ ਆਤਿਰਾਮ ਕਰਨਾ ਮੇਰਾ ਫਰਜ਼ ਹੈ।

ਸਕੀਨਾ : ਕੀ ਤੂੰ ਜਦੋਂ ਮੇਰੇ ਵਾਸਤੇ ਮੁਹੱਬਤ ਦਾ ਅਜ਼ਹਾਰ ਕੀਤਾ ਸੀ, ਅੱਬਾ ਹਜ਼ੂਰ ਕੋਲੋਂ ਪੁੱਛ ਲਿਆ ਸੀ ? ਕੀ ਤੂੰ ਉਹਨਾਂ ਕੋਲੋਂ ਇਹ ਪੁੱਛ ਲਿਆ ਸੀ ਕਿ ਉਹ ਸਾਡੀ ਮੁਹੱਬਤ ਦੀ ਕੀਮਤ ਪਾਉਣਗੇ ਤੇ ਉਹ ਕੀਮਤ ਇਕ ਮੋਟਰ ਸਾਈਕਲ ਹੋਵੇਗੀ ?

ਫਿਆਜ਼ : ਪਰ ਉਹਨਾਂ ਨੇ ਸਿਰਫ ਇਕ ਮੋਟਰ ਸਾਈਕਲ ਦੀ ਮੰਗ ਕੀਤੀ ਏ, ਕੋਈ ਕਾਰ ਤਾਂ ਨਹੀਂ ਮੰਗੀ। ਇਕ ਸਾਬਕਾ ਫ਼ੌਜੀ ਸੂਬੇਦਾਰ ਲਈ ਆਪਣੀ ਬੇਟੀ ਨੂੰ ਇਕ ਮੋਟਰ ਸਾਈਕਲ ਦੀ ਸੌਗਾਤ ਦੇਣੀ

ਮੁਸ਼ਕਿਲ ਨਹੀਂ ਹੋਣੀ ਚਾਹੀਦੀ, ਆਪਣੇ ਹੋਣ ਵਾਲੇ ਦਾਮਾਦ ਨੂੰ ਇਕ ਤੋਹਫਾ ਦੇਣਾ ਨਾਗਵਾਰ ਨਹੀਂ ਗੁਜ਼ਰਣਾ ਚਾਹੀਦਾ।

ਸਕੀਨਾ : ਪਰ ਜੇ ਮੈਂ ਇਹ ਆਖਾਂ ਕਿ ਇਹ ਸਾਡੀ ਮੁਹੱਬਤ ਦੀ ਤੌਹੀਨ ਏ।

ਫਿਆਜ਼ : ਪਰ ਇਹ ਵੀ ਆਖਿਆ ਜਾ ਸਕਦਾ ਏ ਕਿ ਉਹ ਕਿਹੋ ਜਿਹਾ ਬਾਪ ਏ ਜਿਹੜਾ ਆਪਣੀ ਧੀ ਦੀ ਖੁਸ਼ੀ ਲਈ ਇਕ ਮੋਟਰ ਸਾਈਕਲ ਨਹੀਂ ਦੇ ਸਕਦਾ।

ਸਕੀਨਾ : ਇਹਦੇ ਉਲਟ ਮੈਂ ਵੀ ਸਵਾਲ ਕਰ ਸਕਦੀ ਹਾਂ ਕਿ ਤੇਰੇ ਅੱਬਾ ਹਜ਼ੂਰ ਕਿਹੋ ਜਿਹੇ ਬਾਪ ਨੇ ਜੋ ਆਪਣੇ ਬੇਟੇ ਦੀ ਖੁਸ਼ੀ ਦੀ ਕੀਮਤ ਇਕ ਮੋਟਰ ਸਾਈਕਲ ਪਾਉਂਦੇ ਨੇ।

ਫਿਆਜ਼ : ਪਰ ਸਕੀਨਾ ਇਹ ਮੋਟਰ ਸਾਈਕਲ ਮੇਰਾ ਇਥੱਲੇ ਦਾ ਨਹੀਂ ਹੋਏਗਾ, ਤੂੰ ਵੀ ਤਾਂ ਬੈਠੇਂਗੀ। ਇਹ ਸਵਾਰੀ ਤਾਂ ਬਣੀ ਹੀ ਦੋ ਜਣਿਆ ਲਈ ਹੈ। ਦੋ ਜਣੇ ਵੀ ਉਹ ਜਿਹੜੇ ਨਵੇਂ ਨਵੇਂ ਵਿਆਹੇ ਹੋਣ ਤੱਸਵਰ ਕਰ ਦੁਲ੍ਹਣ ਜਿਸਦੇ ਹੱਥਾਂ ਦੀ ਮਹਿੰਦੀ ਲਗੀ ਹੋਵੇ, ਲਾਲ ਚੂੜਾ ਪਾਇਆ ਹੋਵੇ, ਆਪਣੇ ਮੀਂਏ ਦੀ ਕਮਰ ਦੁਆਲੇ ਹੱਥ ਵਲਾਕੇ, ਉਹਦੀ ਪਿੱਠ ’ਤੇ ਸਿਰ ਟਿਕਾਕੇ ਬੈਠੀ ਹੋਵੇ, ਮੋਟਰ ਸਾਈਕਲ ਹਵਾ ਨਾਲ ਗੱਲਾਂ ਕਰਦਾ ਹੋਵੇ, ਸਫ਼ਰ ਰਾਵਲਪਿੰਡੀ ਤੋਂ ਕੋਹਮਤੀ ਦਾ ਹੋਵੇ, ਵੱਲ ਖਾਂਦੀ ਸੜਕ ਹੋਵੇ, ਲਾਲ ਦੁਪੱਟਾ ਹਵਾ ’ਚ ਉਡਦਾ ਹੋਵੇ, ਕੌਣ ਇਹੋ ਜਿਹੇ ਨਜ਼ਾਰੇ ’ਤੇ ਰਸ਼ਕ ਨਹੀਂ ਕਰੇਗਾ?

ਸਕੀਨ : ਫਿਆਜ਼ ਅਸੀਂ, ਇਹ ਖੁਸ਼ੀ ਲੈ ਸਕਾਂਗੇ, ਸਾਰੀ ਸਲਾਮੀ ਦੀ ਰੱਕਮ ਇਕੱਠੀ ਕਰਕੇ, ਲੋੜ ਪਈ ਕੁਝ ਗਹਿਣੇ ਵੇਚਕੇ ਆਪਣੀ ਇਕ ਮੋਟਰ ਸਾਈਕਲ ਲਵਾਂਗੇ, ਜਿਹੜੀ ਸਾਡੀ ਆਪਣੀ ਮੋਟਰ ਸਾਈਕਲ ਹੋਵੇ।

ਫਿਆਜ਼ : ਸਲਾਮੀ ਦੀ ਇਕੱਠੀ ਹੋਈ ਰਕਮ, ਕੁਝ ਗਹਿਣੇ?

ਸਕੀਨਾ : ਇਹ ਖੁਸ਼ੀ ਹੋਰ ਵੀ ਵੱਡੀ ਖੁਸ਼ੀ ਹੋ ਸਕੇਗੀ ਜੇ ਜਿਸ ਮੋਟਰ ਸਾਈਕਲ ’ਤੇ ਅਸੀਂ ਰਾਵਲਪਿੰਡੀ ਤੋਂ ਕੋਹਮਰੀ ਜਾ ਰਹੇ ਹਾਂ, ਉਹ ਕਿਸੇ ਦੀ ਮਜਬੂਰੀ ਕਿਸੇ ਦੀ ਲਾਚਾਰੀ ਦੇ ਇਵਜ਼ ਹਾਸਿਲ ਨਹੀਂ ਕੀਤਾ ਗਿਆ ਹੋਵੇਗਾ।

ਫਿਆਜ਼ : ਮਜਬੂਰੀ? ਲਾਚਾਰੀ? ਕੀ ਮਤਲਬ?

ਸਕੀਨਾ : ਹਾਂ ਮੋਟਰ ਸਾਈਕਲ, ਜਿਸਨੂੰ ਦੇਣ ਲਈ ਅੱਬੂ ਨੂੰ ਕਰਜ਼ਾ ਚੁਕਣਾ ਪਿਆ ਹੋਵੇ, ਇਸਮਾਈਲ ਸ਼ਾਹ ਕੋਲੋਂ ਇਹ ਸੁਣਨਾ ਪਵੇ–ਚੌਧਰੀ ਪਹਿਲੀ ਧੀ ਦੇ ਨਿਕਾਹ ਵੇਲੇ ਦਾ ਕਰਜ਼ਾ ਲਿਆ ਤਾਂ ਤੇਰੇ ਕੋਲੋਂ ਉਤਰਿਆ ਨਹੀਂ, ਹੁਣ ਦੂਜੀ ਧੀ ਲਈ ਹੋਰ ਕਿਵੇਂ ਦੇਵਾਂ... ਉਸ

ਵੇਲੇ ਮੇਰੀ ਸਾਰੀ ਖੁਸ਼ੀ ਕਾਫੂਰ ਹੋ ਜਾਏਗੀ... ਹੁਣ ਚੁੱਪ ਕਿਉਂ ਏ ? ਕਿਉਂ ਨਹੀਂ ਕਹਿੰਦਾ ਸਕੀਨਾ ਤੇਰੀ ਖੁਸ਼ੀ ਮੇਰੀ ਖੁਸ਼ੀ ਏ।

ਫਿਆਜ਼ : ਨਹੀਂ, ਸਕੀਨਾ ਮੈਂ ਇਹ ਨਹੀਂ ਕਰ ਸਕਾਂਗਾ, ਆਪਣੇ ਅੱਬਾ ਹਜ਼ੂਰ ਦੇ ਹੁਕਮਾਂ ਦਾ ਅਹਿਤਰਾਮ ਕਰਨਾ ਮੇਰਾ ਫਰਜ਼ ਏ।

ਸਕੀਨਾ : ਤਾਂ ਮੈਂ ਸਮਝ ਲਵਾਂ ਕਿ ਇਹ ਸਾਡੀ ਆਖਰੀ ਮੁਲਾਕਾਤ ਏ ?

ਫਿਆਜ਼ : ਪਰ...

ਸਕੀਨਾ : ਮੈਂ ਦੁਨੀਆਂ ਦਾ ਡਰ ਲਾਹਕੇ ਮਹਿੰਦੀ ਲਗੇ ਹੱਥਾਂ ਨੂੰ ਬਗੈਰ ਪੂੰਝੇ ਇਥੇ ਆਈ ਹਾਂ–ਮੈਂ ਰਸਮੀ ਤੌਰ 'ਤੇ ਇਹ ਨਹੀਂ ਆਖ ਸਕਾਂਗੀ, ਮੈਂ ਚਲਦੀ ਹਾਂ, ਤੂੰ ਖੁਸ਼ ਰਹਿ–ਮੇਰੇ ਮੂੰਹੋਂ ਬਦਦੁਆ ਹੀ ਨਿਕਲੇਗੀ– ਮੇਰਾ ਲੌਂਗ ਗਵਾਚ ਗਿਆ ਏ... ਨਹੀਂ ਨਹੀਂ ਉਹ ਖੋਹ ਲਿਆ ਗਿਆ ਏ–ਮੈਂ ਉਸ ਗੀਤ ਦੇ ਬੋਲ ਨਹੀਂ ਦੁਹਰਾ ਸਕਾਂਗੀ... ਮੇਰਾ ਲੌਂਗ ਗਵਾਚਾ, ਚੀਰੇ ਵਾਲਿਆ ਪਿਛੇ ਪਿਛੇ ਆਉਂਦਾ ਲਭਦਾ ਆਂਈ... ਲੌਂਗ ਗਵਾਚਾ ਨਹੀਂ ਸਗੋਂ ਲਾਹ ਲਿਆ ਗਿਆ ਏ–ਪਿਛੋਂ ਆਉਣ ਵਾਲਾ ਲਭੇਗਾ ਨਹੀਂ–ਕਿਉਂਕਿ ਉਹਨੇ ਉਸਨੂੰ ਪੈਰਾਂ 'ਚ ਰੋਲ ਦਿੱਤਾ ਏ... ਮੁਆਸ਼ਰੇ ਦੀ ਧੂੜ 'ਚ ਉਸਦੀ ਹਸਤੀ ਮਿੱਟ ਗਈ ਏ।

*(ਕਾਹਲੀ ਨਾਲ ਬਾਹਰ ਜਾਂਦੀ ਹੈ, ਫੇਡ ਆਊਟ।)*

*(ਸਕੀਨਾ ਡੰਡੀਓ ਡੰਡੀ ਜਾ ਰਹੀ ਹੈ, ਜਦੋਂ ਕੰਧ ਦੇ ਉਹਲੇ ਤੋਂ ਚਾਰ ਪੰਜ ਵਿਹਲੜ ਮੁਸ਼ਟੰਡੇ ਆਵਾਜ਼ੇ ਕਸਦੇ ਹਨ।)*

1 : ਜਾ ਰਹੀ ਹੈ, ਹੂਰਾਂ ਪਰੀ, ਇਸਲਾਮੀਆ ਕਾਲਜ ਦੀ ਹੀਰ

2 : ਕਿਤਾਬਾਂ ਚੁੱਕੀ, ਕਾਲਜ ਜਾਂਦੀ ਦਾ ਨਖ਼ਰਾ ਨਹੀਂ ਸੀ ਝਲਿਆ ਜਾਂਦਾ

3 : ਅਗਲੇ ਛੱਡ ਗਏ ਮਹਿੰਦੀ ਲਗੀ ਨੂੰ

4 : ਮਹਿੰਦੀ ਵੇਖਕੇ ਆਪਣੇ ਆਸ਼ਿਕ ਨੂੰ ਯਾਦ ਕਰੇਗੀ

1 : ਕਾਲਜ 'ਚ ਬਹਿਸਾਂ ਕਰਦੀ ਅਖੇ ਔਰਤ ਦੇ ਬਰਾਬਰ ਦੇ ਹੱਕ ਹੋਣੇ ਚਾਹੀਦੇ ਹਨ।

2 : ਗੱਲਾਂ ਕਰਨੀਆਂ ਆਸਾਨ ਹੁੰਦੀਆਂ ਨੇ

3 : ਸਿਰ 'ਤੇ ਪੈਂਦੀ ਏ ਤਾਂ ਪਤਾ ਲਗਦਾ ਏ

4 : ਸਾਰਾ ਇਲਮ ਧਰਿਆ ਧਰਾਇਆ ਰਹਿ ਜਾਂਦਾ ਏ

*(ਤੁਰਦੀ ਜਾਂਦੀ 'ਤੇ ਲਾਈਟ ਫੇਡ ਆਊਟ ਹੁੰਦੀ ਹੈ। ਲਾਈਟ ਇਕ ਸਪਾਟ 'ਤੇ ਪੈਂਦੀ ਹੈ। ਸਕੀਨਾ ਦਾ ਅੱਬੂ ਉਦਾਸ ਬੈਠਾ ਹੈ, ਕੋਲ ਹੁੱਕਾ ਵੀ ਪਿਆ ਹੈ। ਉਹਦੀਆਂ ਅੱਖਾਂ ਮੀਚੀਆਂ ਹੋਈਆਂ ਹਨ। ਸਕੀਨਾਂ ਉਤੇ ਲਈ ਹੋਈ ਕਾਲੀ ਚਾਦਰ ਲਾਂਹਦੀ ਹੈ, ਅੱਬੂ*

*ਕੋਲ ਆਉਂਦਾ ਹੈ।)*

ਸਕੀਨਾ : ਅੱਬੂ...

ਅੱਬੂ : ਹਾਂ ਬੇਟੀ

ਸਕੀਨਾ : ਤੁਸੀਂ ਇਸ ਤਰ੍ਹਾਂ ਕਿਉਂ ਬੈਠੇ ਹੋ ? ਹੁੱਕਾ ਵੀ ਠੰਡਾ ਹੈ, ਜੇਕਰ ਤੁਸੀਂ ਹਿੰਮਤ ਹਾਰ ਦਿੱਤੀ ਤਾਂ ਮੇਰਾ ਕੀ ਬਣੇਗਾ ?

ਅੱਬੂ : ਮੈਂ ਸੋਚਦਾ ਹਾਂ, ਫਿਆਜ਼ ਨੂੰ...

ਸਕੀਨਾ : ਉਹਦਾ ਨਾਂ ਨਾਂਹ ਲਵੋ, ਅੱਬੂ। ਮੇਰੀ ਜ਼ਿੰਦਗੀ ਦਾ ਉਹ ਬਾਸ ਖਤਮ ਹੋ ਗਿਆ ਏ, ਜਿਸਦਾ ਨਾਂ ਫਿਆਜ਼ ਨਾਲ ਜੁੜਦਾ ਸੀ... ਮੈਂ ਉਸਨੂੰ ਮਿਲਕੇ ਆਈ ਹਾਂ।

ਅੱਬੂ : ਤੂੰ ਉਹਨੂੰ ਮਿਲੀ ਏ ? ਕੀ ਕਹਿੰਦਾ ਏ ਉਹ ? ਤੂੰ ਉਸਨੂੰ ਮੇਰੀ ਇਜ਼ਤ ਦਾ ਵਾਸਤਾ ਪਾਉਣਾ ਸੀ, ਉਹਨੂੰ ਤੇਰੇ ਨਾਲ ਕੀਤੇ ਕੌਲ ਯਾਦ ਕਰਵਾਉਣੇ ਸਨ...ਮੈਂ ਸੋਚਦਾ ਹਾਂ ਹੱਥ ਸੌਖਾ ਹੋਣ 'ਤੇ ਮੈਂ ਉਹਦੇ ਅੱਬਾ ਦੀ ਤਸੱਲੀ ਵੀ ਕਰਵਾ ਦੇਣੀ ਸੀ।

ਸਕੀਨਾ : ਅੱਬੂ ਮੈਂ ਕਿਉਂ ਵਾਸਤਾ ਪਾਉਂਦੀ ? ਮੈਂ ਤਾਂ ਉਹਦੀ ਨੀਅਤ ਦੀ ਪਰਖ ਕਰਨੀ ਸੀ... ਅੱਬੂ ਉਹਦੀ ਨੀਅਤ ਖਰੀ ਨਹੀਂ, ਉਹਦੇ 'ਚ ਇਮਾਨਦਾਰੀ ਨਹੀਂ।

ਅੱਬੂ : ਪਰ ਬੇਟੀ

ਸਕੀਨਾ : ਅੱਬੂ ਜੋ ਕੁਝ ਹੋਇਆ, ਮੈਂ ਉਸਨੂੰ ਜ਼ਿੰਦਗੀ ਦੀ ਖੇਡ ਦਾ ਇਕ ਹਿੱਸਾ ਜ਼ਰੂਰ ਸਮਝਦੀ ਹਾਂ ਪਰ ਇਹ ਪੂਰੀ ਜ਼ਿੰਦਗੀ ਨਹੀਂ, ਜਿਸ ਤਰ੍ਹਾਂ ਮੈਂ ਕਿਹਾ ਹੈ ਨਾ ਮੇਰੀ ਜ਼ਿੰਦਗੀ ਦਾ ਉਹ ਇਕ ਬਾਸ ਖਤਮ ਹੋ ਗਿਐ, ਜਿਸ ਦਾ ਫਿਆਜ਼ ਨਾਲ ਤੁਅੱਲਕ ਸੀ..

ਅੱਬੂ : ਪਰ ਮੈਂ ਲੋਕਾਂ ਨੂੰ ਕੀ ਜਵਾਬ ਦੇਵਾਂਗਾ ? ਮੈਂ ਅਮਾਨਤ ਵਿਚ ਖਿਆਨਤ ਕੀਤੀ ਏ ? ਕਿਸੇ ਦੀ ਅਮਾਨਤ ਉਸਨੂੰ ਸੌਂਪ ਨਹੀਂ ਸਕਿਆ।

ਸਕੀਨਾ : ਅੱਬੂ ਇਹ ਦਕਿਆਨੂਸੀ ਸੋਚ ਹੀ ਤਾਂ ਔਰਤ ਦਾ ਦੁੱਖ ਏ ਕਿ ਕੁੜੀਆਂ ਪਰਾਈ ਦੌਲਤ ਨੇ ਆਪਣੇ ਹੀ ਘਰ ਵਿਚ ਰਹਿੰਦੀਆਂ ਉਹ ਪਰਾਈਆਂ ਵਾਂਗ ਪਾਲੀਆਂ ਜਾਂਦੀਆਂ ਨੇ...ਅੱਬੂ ਅਸੀਂ ਇਹ ਕਿਉਂ ਭੁੱਲ ਜਾਂਦੇ ਹਾਂ ਕਿ ਉਹਨਾਂ ਦੀ ਆਪਣੀ ਇਕ ਸ਼ਖਸ਼ੀਅਤ ਹੈ, ਉਹਨਾਂ ਨੇ ਜ਼ਿੰਦਗੀ ਵਿਚ ਆਪਣੀ ਥਾਂ ਆਪ ਬਣਾਉਣੀ ਹੁੰਦੀ ਏ। ਆਪਣੇ ਹਯਾਤੀ ਦਾ ਸਫ਼ਰ ਆਪ ਤਹਿ ਕਰਨਾ ਹੁੰਦਾ ਏ। (ਅੱਬੂ ਨੂੰ ਉਠਾਉਂਦੇ ਹੋਏ) ਅੱਬੂ, ਹੁਣ ਉਠੋ, ਮੰਜੇ 'ਤੇ ਅਰਾਮ ਕਰੋ, ਤੁਹਾਨੂੰ

ਆਰਾਮ ਦੀ ਲੋੜ ਏ। (ਇਕ ਪਾਸੇ ਹੋ ਕੇ) ਮੈਨੂੰ ਵੀ ਆਰਾਮ ਦੀ ਲੋੜ ਏ।

*(ਅੱਬਾ ਸੋਟੀ ਕੱਪੜੇ ਹੌਲੇ ਹੌਲੇ ਬਾਹਰ ਜਾਂਦੇ ਹਨ। ਪਿਛੋਕੜ ਤੋਂ ਗੀਤ ਦੀ ਆਵਾਜ਼ ਉੱਚੀ ਹੁੰਦੀ ਹੈ।)*

ਕੁੜੀਆਂ ਤੇ ਕੁੜੀਆਂ, ਕੁੜੀਆਂ ਦਾ ਕੀ ਕਹਿਣਾ
ਕੁੜੀਆਂ ਤੇ ਚਿੜੀਆਂ, ਚਿੜੀਆਂ ਦਾ ਕੀ ਕਹਿਣਾ

ਸਕੀਨਾ : (ਆਪਣੇ ਆਪ ਵਿਚ) ਕੀ ਕੁੜੀਆਂ ਹਮੇਸ਼ਾਂ ਵਿਚਾਰੀਆਂ ਹੀ ਰਹਿਣਗੀਆਂ? ਇਹ ਵੱਡਾ ਸਵਾਲ ਹੈ।

*(ਮਾਸੀ ਆਉਂਦੀ ਹੈ, ਉਹਦਾ ਪਹਿਰਾਵਾ ਇਸ ਤਰ੍ਹਾਂ ਹੈ, ਜਿਸ ਤੋਂ ਇਹ ਜ਼ਾਹਰ ਹੋ ਜਾਵੇ ਕਿ ਉਹ ਘਰ ਵਿਚ ਕੰਮ ਕਰਨ ਵਾਲੀ 40–45 ਸਾਲ ਦੀ ਜ਼ਨਾਨੀ ਹੈ।)*

ਮਾਸੀ : ਲੈ ਧੀਏ, ਮੈਂ ਸਭ ਖਿਲਾਰੇ ਦੀ ਸਾਂਭ ਸੰਭਾਲ ਕਰ ਦਿੱਤੀ ਈ। ਤੂੰ ਉਦਾਸ ਨਾ ਹੋ, ਅਲ੍ਹਾ ਜੋ ਕਰਦਾ ਏ ਠੀਕ ਕਰਦਾ ਏ। ਇਹ ਸਗੋਂ ਚੰਗਾ ਹੋਇਆ ਕਿ ਅਗਲਿਆਂ ਨੇ ਆਪਣੀ ਬੇਈਮਾਨੀ ਵਾਲੀ ਨੀਅਤ ਪਹਿਲੇ ਹੀ ਸਾਫ਼ ਕਰਾ ਦਿੱਤੀ।

ਸਕੀਨਾ : ਮਾਸੀ ਮੈਂ ਮਾਯੂਸ ਨਹੀਂ ਭਾਵੇਂ ਮੈਨੂੰ ਦੁੱਖ ਜ਼ਰੂਰ ਏ ਕਿ ਫਿਆਜ਼ ਨੇ ਮੇਰਾ ਯਕੀਨ ਤੋੜਿਆ।

ਮਾਸੀ : ਮੈਨੂੰ ਸਭ ਪਤਾ ਏ, ਮੈਂ ਇਸ ਘਰ ਦਾ ਲੂਣ ਖਾਧਾ ਏ, ਨਿੱਕੀ ਹੁੰਦੀ ਤੋਂ ਤੂੰ ਮੇਰੇ ਹੱਥਾਂ ਵਿਚ ਖੇਡੀ ਏ। ਮੇਰੀ ਬਸ਼ੀਰੋ ਦੀ ਹਾਣ ਦੀ ਏ... ਤੇਰਾ ਦੁੱਖ ਮੇਰਾ ਦੁੱਖ ਏ–ਤੂੰ ਸੋਚਦੀ ਏਂ, ਫਿਆਜ਼ ਨੇ ਹੌਂਸਲਾ ਕਿਉਂ ਨਹੀਂ ਕੀਤਾ? ਇਕ ਮੋਟਰ ਸਾਈਕਲ ਦੇ ਬਦਲੇ ਤੇਰੇ ਪਿਆਰ ਨੂੰ ਠੁਕਰਾਇਆ... ਮੈਂ ਵੀ ਬਸ਼ੀਰੋ ਦਾ ਵਿਆਹ ਅਗਲੇ ਮਹੀਨੇ ਦਾ ਧਰਿਆ ਏ, ਮੈਂ ਇਹ ਤਹਿ ਕੀਤਾ ਸੀ ਬਈ ਤੂੰ ਆਪਣੇ ਘਰ ਜਾਏਗੀ, ਤੇਰੇ ਵਿਆਹ ਤੋਂ ਜੋ ਲਾਗ ਮਿਲਸੀ ਬਸ਼ੀਰੋ ਦੇ ਵਿਆਹ ਦਾ ਖਰਚਾ ਪੂਰਾ ਹੋ ਜਾਏਗਾ। ਉਹਦੇ ਦੋ ਜੋੜੇ ਹੋਰ ਬਣ ਜਾਣਗੇ... ਪਰ ਅਲ੍ਹਾ ਨੂੰ ਕੁਝ ਹੋਰ ਹੀ ਮਨਜ਼ੂਰ ਸੀ।

ਸਕੀਨਾ : ਮਾਸੀ, ਤੇਰਾ ਹੋਣ ਵਾਲਾ ਜਵਾਈ, ਬਸ਼ੀਰੋ ਦਾ ਬੰਨਾ ਕੀ ਕਰਦੈ।

ਮਾਸੀ : ਉਹ ਸ਼ਹਿਰ ਦੇ ਇਕ ਦਫਤਰ ਵਿਚ ਚਪੜਾਸੀ ਏ। ਆਪਣੇ ਪਿੰਡ ਸੈਦਪੁਰੋਂ ਹਰ ਰੋਜ਼ ਸਾਈਕਲ 'ਤੇ ਜਾਂਦਾ ਏ... ਬਸ਼ੀਰੋ ਦੇ ਅੱਬਾ ਨੇ ਇਹ ਫੈਸਲਾ ਕੀਤਾ ਏ ਕਿ ਉਹ ਬਸ਼ੀਰੋ ਦੇ ਵਿਆਹ 'ਤੇ ਹਮੀਦ ਨੂੰ...

ਸਕੀਨਾ : ਹਮੀਦ ਨੂੰ?

ਮਾਸੀ : ਹਮੀਦ ਹੀ ਨਾਂ ਏ ਬਸ਼ੀਰੋ ਦੇਹੋਣ ਵਾਲੇ ਖਾਵੰਦ ਦਾ... ਬਸ਼ੀਰੋ ਦਾ

ਅੱਬਾ ਹਮੀਦ ਨੂੰ ਨਵਾਂ ਸਾਈਕਲ ਲੈਕੇ ਦੇਵੇਗਾ, ਪਰ ਹਮੀਦ ਕਹਿੰਦਾ ਏ ਮੈਨੂੰ ਲੋੜ ਨਹੀਂ।

ਸਕੀਨਾ : ਪਰ ਮਾਸੀ ਨਾਲੇ ਤੂੰ ਕਹਿੰਨੀ ਏ ਕਿ ਉਹ ਸੈਦਪੁਰੋਂ ਸ਼ਹਿਰ ਰੋਜ਼ ਸਾਈਕਲ 'ਤੇ ਜਾਂਦਾ ਏ, ਸਾਈਕਲ ਤੇ ਫੇਰ ਉਹਦੇ ਕੋਲ ਹੋਇਅ।

ਮਾਸੀ : ਆਹੋ, ਪਰ ਉਹਦਾ ਸਾਈਕਲ ਪੁਰਾਣਾ ਏ, ਬਸ਼ੀਰੋ ਦਾ ਅੱਬਾ ਜਦੋਂ ਉਹਨਾਂ ਦੇ ਘਰ ਗਿਆ ਤਾਂ ਸਾਈਕਲ ਉਹਨਾਂ ਦੀ ਡਿਉਢੀ ਵਿਚ ਖੜਾ ਸੀ। ਉਹਨੂੰ ਮੁੰਡਾ ਤਾਂ ਪਸੰਦ ਆ ਗਿਆ ਪਰ ਉਹਦਾ ਸਾਈਕਲ ਪਸੰਦ ਨਹੀਂ ਆਇਆ। ਬਸ ਬਸ਼ੀਰੋ ਦੇ ਅੱਬਾ ਨੇ ਫੈਸਲਾ ਕਰ ਲਿਆ ਕਿ ਉਹ ਬਸ਼ੀਰੋ ਦੇ ਵਿਆਹ 'ਤੇ ਸਾਈਕਲ ਜ਼ਰੂਰ ਦੇਵੇਗਾ। ਫੇਰ ਸਾਈਕਲ ਧੀਏ ਆਪਣੀ ਧੀ ਵਾਸਤੇ ਹੀ ਦੇਣਾ ਹੈ। ਉਹ ਵੀ ਆਪਦੇ ਸ਼ੌਹਰ ਪਿਛੇ ਕੈਰੀਅਰ 'ਤੇ ਬੈਠਕੇ ਸ਼ਹਿਰ ਹੋ ਆਇਆ ਕਰੇਗੀ। ਮੈਂ ਬਸ਼ੀਰੋ ਨਾਲ ਗੱਲ ਕੀਤੀ ਤਾਂ ਉਹ ਹੱਸੀ ਜਾਏ। ਉਹਨੇ ਕਿਧਰੇ ਗਵਾਂਢੀਆਂ ਦੇ ਘਰ ਟੀ.ਵੀ. 'ਤੇ ਇਕ ਮੁੰਡੇ ਕੁੜੀ ਨੂੰ ਗਾਣਾ ਗਾਉਂਦੇ ਵੇਖਿਆ ਸੀ ਤੇ ਉਹਨੇ ਮੈਨੂੰ ਨਕਲ ਲਾਹ ਕੇ ਵੀ ਦੱਸੀ 'ਆ ਬਹਿਜਾ ਸਾਈਕਲ ਤੇ' ਧੀਏ ਅਸੀਂ ਸ਼ੋਹਦੇ ਬੰਦੇ ਹੋਏ, ਸਾਡੀਆਂ ਖੁਸ਼ੀਆਂ ਵੀ ਸ਼ੋਹਦੀਆਂ ਹੋਈਆਂ।

ਸਕੀਨਾ : ਮਾਸੀ ਤੂੰ ਬਸ਼ੀਰੋ ਦੇ ਵਿਆਹ ਦੇ ਜੋੜੇ ਬਣਾ ਲਏ ਨੇ ?

ਮਾਸੀ : ਧੀਏ ਤਿੰਨ ਜੋੜੇ ਬਣਾ ਲਏ ਨੇ–ਬਸ਼ੀਰੋ ਦੇ ਅੱਬਾ ਕਹਿੰਦੇ ਨੇ ਹੋਰ ਕਪੜੇ ਭਾਵੇਂ ਥੋੜੇ ਦੇਈਏ, ਭਾਂਡਿਆਂ 'ਚ ਸਹਫਾ ਕਰ ਲਵਾਂਗੇ, ਬਿਸਤਰੇ ਦੋ ਬਣਾ ਰਖੇ ਹਨ ਪਰ ਸਾਈਕਲ ਜ਼ਰੂਰ ਦੇਣਾ ਏ।

ਸਕੀਨਾ : ਮਾਸੀ ਇਕ ਪੱਲ ਠਹਿਰ ਜਾ, ਮੈਂ ਵੀ ਬਸ਼ੀਰੋ ਨੂੰ ਇਕ ਤੋਹਫਾ ਦੇਣਾ ਏ।

*(ਅੰਦਰ ਜਾਂਦੀ ਹੈ।)*

ਮਾਸੀ : ਬੜੇ ਤੱਕੜੇ ਦਿਲ ਵਾਲੀ ਏ–ਐਨਾ ਕੁਝ ਇਹਦੇ ਨਾਲ ਹੋ ਗਿਆ ਏ, ਪਰ ਘਬਰਾਈ ਨਹੀਂ।

ਸਕੀਨਾ : (ਅੰਦਰੋਂ ਆਂਦੀ ਹੋਈ) ਮਾਸੀ, ਇਹ ਜੋੜਾ ਬਸ਼ੀਰੋ ਲਈ ਮੇਰੇ ਵੱਲੋਂ ਏ– ਆਪਣੀ ਬਚਪਨ ਦੀ ਸਹੇਲੀ ਲਈ।

ਮਾਸੀ : ਨਹੀਂ ਧੀਏ ਇਹ ਜੋੜਾ ਦੁਪੱਟੇ ਸਮੇਤ ਤੇਰੀ ਮਾਂ ਨੇ ਬੜੇ ਚਾਅ ਨਾਲ ਬਣਾਇਆ ਸੀ।

ਸਕੀਨਾ : ਹਾਂ ਮਾਸੀ, ਮੈਂ ਵੀ ਸੋਚਿਆ ਸੀ ਕਿ ਮੈਂ ਇਸਨੂੰ ਇਸੇ ਚਾਅ ਨਾਲ ਪਾਵਾਂਗੀ, ਜਿਸ ਚਾਅ ਨਾਲ ਅੰਮਾ ਨੇ ਇਸਨੂੰ ਬਣਵਾਇਆ ਸੀ, ਪਰ ਹੁਣ ਮੈਨੂੰ ਕੋਈ ਚਾਅ ਨਹੀਂ। ਮੈਂ ਆਪਣੇ ਸਾਹਮਣੇ ਉਹ ਮਨਜ਼ਰ

ਵੇਖ ਰਹੀ ਹਾਂ, ਬਸ਼ੀਰੋ ਇਹ ਪਾ ਕੇ ਆਪਣੇ ਮੀਂਏ ਨਾਲ ਸਾਈਕਲ 'ਤੇ ਬੈਠੀ ਏ ਤੇ ਉਹਦਾ ਦੁਪੱਟਾ ਹਵਾ 'ਚ ਉੱਡ ਰਿਹਾ ਏ... ਉਹ ਖੁਸ਼ ਹੋਵੇਗੀ ਉਹਦੀ ਖੁਸ਼ੀ ਦਾ ਕੁਝ ਹਿੱਸਾ ਮੈਨੂੰ ਵੀ ਪਹੁੰਚ ਜਾਏਗਾ...ਸ਼ੋਹਦੇ ਬੰਦਿਆਂ ਦੀਆਂ ਖੁਸ਼ੀਆਂ ਵੀ ਸ਼ੋਹਦੀਆਂ ਹੁੰਦੀਆਂ ਨੇ।

*(ਮਾਸੀ ਲੈਂਦੀ ਹੈ ਅਤੇ ਦੁਆਵਾਂ ਦੇਂਦੀ ਜਾਂਦੀ ਹੈ।)*

ਸਕੀਨਾ : (ਮਾਸੀ ਦੇ ਜਾਣ ਬਾਅਦ ਆਪਦੇ ਆਪ ਨਾਲ ਗੱਲਾਂ ਕਰਦੀ ਹੈ।) ਫਿਆਜ਼, ਤੂੰ ਕਿਹਾ ਸੀ ਕਿ ਮੋਟਰ ਸਾਈਕਲ ਪਿਛੇ ਮੈਂ ਬੈਠੀ ਹੋਵਾਂ ਦੁਪੱਟਾ ਹਵਾ 'ਚ ਉਡਦਾ ਹੋਵੇ ਤਾਂ ਉਹਦਾ ਆਪਣਾ ਹੀ ਸਵਾਦ ਏ ਪਰ ਨੀਅਤ ਨੀਅਤ ਦੀ ਗੱਲ ਏ, ਦੁਪੱਟਾ ਸਾਈਕਲ 'ਤੇ ਬੈਠਕੇ ਵੀ ਉੱਡ ਸਕਦਾ ਏ।

ਪੈਦਲ ਆਉਂਦਿਆਂ ਲਭ ਸਕਦਾ ਏ... ਗਵਾਚਾ ਲੌਂਗ ਸਾਈਕਲ 'ਤੇ ਬੈਠਿਆਂ ਵੀ ਲਭ ਸਕਦਾ ਏ ਪਰ ਹਵਾਂ ਨਾਲ ਗੱਲਾਂ ਕਰਨ ਵਾਲੇ ਮੋਟਰ ਸਾਈਕਲ 'ਤੇ ਚੜ੍ਹਿਆ ਨਹੀਂ ਜਾ ਸਕਦਾ। ਲਾਈਟ ਸਪਾਟ 'ਤੇ ਪੈਂਦੀ ਹੈ, ਸਕੀਨਾ ਦਾ ਅੱਬਾ ਕੁਰਸੀ 'ਤੇ ਬੈਠਾ ਹੁੱਕੇ ਦਾ ਸੂਟਾ ਲਾ ਰਿਹਾ ਹੈ, ਜਦੋਂ ਮਰਾਸੀ ਦੀ ਬਾਹਰੋਂ ਆਵਾਜ਼ ਆਂਦੀ ਹੈ।

ਮਰਾਸੀ : ਚੌਧਰੀ ਜੀ ਘਰੇ ਹੀ ਹੋ...

ਅੱਬਾ : ਆ ਬਈ ਮਰਾਸੀਆ... ਬਹਿਜਾ, ਕਿਵੇਂ ਆਇਆ ਏਂ ?

ਮਰਾਸੀ : ਅਲ੍ਹਾ ਖੈਰ ਕਰੇ, ਇਕ ਰਿਸ਼ਤੇ ਦੀ ਦੱਸ ਪਾਉਣ ਆਇਆ ਹਾਂ... ਚੌਧਰੀ ਜੀ, ਫਿਆਜ਼ ਦੇ ਅੱਬਾ ਚੌਧਰੀ ਅਬਦੁੱਲ ਗਨੀ ਨੂੰ ਇਹ ਨਹੀਂ ਕਰਨਾ ਚਾਹੀਦਾ ਸੀ। ਪਰ ਬੰਦਾ ਭੁੱਲ ਜਾਂਦਾ ਏ ਕਿ ਉਹ ਵੀ ਧੀਆਂ ਵਾਲਾ ਏ, ਉਪਰ ਵਾਲਾ ਸਭ ਵੇਖਦਾ ਪਿਆ ਏ, ਪਰ ਕੀ ਪਤਾ ਸਕੀਨਾ ਬੀਬੀ ਦਾ ਇਸ ਵਿਚ ਭਲਾ ਹੀ ਹੋਵੇ। ਉਹਦੇ ਲਈ ਹੋਰ ਰਿਸ਼ਤੇ ਬਥੇਰੇ।

ਅੱਬਾ : ਪਰ ਤੂੰ ਕਿਹੜੇ ਰਿਸ਼ਤੇ ਦੀ ਦੱਸ ਪਾਉਣ ਆਇਆ ਏ ?

ਮਰਾਸੀ : ਦਸਦਾ ਹਾਂ ਚੌਧਰੀ ਜੀ ਦਸਦਾ ਹਾਂ... ਆਪਣਾ ਚੌਧਰੀ ਰਮਜ਼ਾਨ ਅਲੀ ਏ ਨਾ, ਚੱਕ 46 ਵਾਲਾ ਉਹਦਾ ਭਣੇਵਾਂ ਮਾਮੇ ਨੂੰ ਮਿਲਣ ਆਇਆ ਏ, ਅਮਰੀਕਾ ਤੋਂ...

ਅੱਬਾ : (ਦਿਲਚਸਪੀ ਲੈਂਦੇ ਹੋਏ) ਅਮਰੀਕਾ ਤੋਂ ?

ਮਰਾਸੀ : ਹਾਹੋ, ਪੱਕੇ ਤੌਰ 'ਤੇ ਅਮਰੀਕਾ ਰਹਿੰਦਾ ਏ-ਹਰਾ ਕਾਰਡ ਏ ਉਹਦੇ ਕੋਲ, ਸਾਰਾ ਟੱਬਰ ਉਥੇ ਹੀ ਰਹਿੰਦਾ ਏ। ਕਿਆ ਬਾਤਾਂ ਅਮਰੀਕਾ

ਦੀਆਂ... ਰਿਸ਼ਟ ਪੁਸ਼ਟ ਦਰਸ਼ਨੀ ਬੰਦਾ ਏ ਉਹ, ਸੂਟਕੇਸ ਵੀ ਉਹਦਾ ਵਡਾ ਸਾਰਾ, ਚੁਕਣਾ ਨਹੀਂ ਪੈਂਦਾ, ਪਹੀਏ ਲਗੇ ਹੋਏ ਹਨ, ਰੇੜਕੇ ਜਿਥੇ ਮਰਜ਼ੀ ਲੈ ਜਾਓ... ਭਾਵੇਂ ਚੌਧਰੀ ਦੇ ਵਿਹੜੇ ਉਹਨੂੰ ਰੇੜਨਾ ਮੁਸ਼ਕਲ ਸਹੀ ਮਿੱਟੀ 'ਚ ਫਸ ਗਿਆ ਫੇਰ ਮੈਂ ਚੁੱਕਕੇ ਵਰਾਂਡੇ 'ਚ ਕੀਤਾ.. ਸੂਟਕੇਸ 'ਚ ਚੀਜ਼ਾਂ ਭਰੀਆਂ ਖੁਸ਼ਬੂਆਂ ਵਾਲੀਆਂ ਸ਼ੀਸ਼ੀਆਂ, ਕਪੜੇ ਰੰਗਬਰੰਗੇ, ਮਰਦਾਨਾ ਝੱਗੀਆਂ ਜਿਹੀਆਂ ਵੀ ਡੀਜਾਇਨ ਵਾਲੀਆਂ, ਜਿਵੇਂ ਸਾਡੀ ਤ੍ਰਿਮਤਾਂ ਦੇ ਸੂਟ ਹੁੰਦੇ ਨੇ, ਬੂਟ ਵੀ ਫੁਲਾਂ ਦੀ ਕਢਾਈ ਵਾਲੇ, ਥਲੇ ਛੇ ਛੇ ਇੰਚ ਪੌਣੇ ਰਬੜ ਵਾਲੇ, ਬੰਦਾ ਪਾਵੇ ਤਾਂ ਉਡਦਾ ਜਾਏ, ਸੂਟਕੇਸ ਖੋਲਿਆ ਤਾਂ ਚਾਰੇ ਪਾਸੇ ਖੁਸ਼ਬੂਆਂ ਹੀ ਖੁਸ਼ਬੂਆਂ.. ਹਿਕ ਡੱਬਾ ਜਿਹਾ ਲੰਮਾ ਸਾਰਾ, ਉਹਨੂੰ ਇਕ ਸਿਰੇ ਤੋਂ ਦਬਾਓ ਤਾਂ ਅਤਰ ਫੁਲੇਲ ਦਾ ਛਿੜਕਾਓ ਹੋ ਜਾਏ... ਮੈਨੂੰ ਉਸ ਆਖਿਆ ਮਰਾਸੀਆ ਬਾਹਾਂ ਉੱਚੀਆਂ ਕੀਤੀਆਂ ਤਾਂ ਉਹਨੇ ਕਛਾਂ 'ਚ ਛਿੜਕਾਓ ਕਰ ਦਿੱਤਾ, ਪਸੀਨੇ ਦੀ ਬੋਅ ਗਾਇਬ ਤੇ ਅੱਤਰ ਫੁਲੇਲ ਦੀ ਖੁਸ਼ਬੂ ਹੀ ਖੁਸ਼ਬੂ (ਸੁੰਘਦਾ ਏ)... ਤੇ ਉਹ ਆਪਣੇ ਮਾਮੇ ਦੇ ਪਿੰਡ ਆਇਆ ਏ ਦੁਬਾਰਾ ਵਿਆਹ ਕਰਵਾਉਣ ਲਈ... ਪਹਿਲੀ ਵਹੁਟੀ ਉਹਦੀ ਗੁਜਰ ਗਈ ਏ... ਕਹਿੰਦਾ ਭਾਵੇਂ ਅਮਰੀਕਾ ਰਹਿੰਦੀਆਂ ਕਈ ਕੁੜੀਆਂ ਦੇ ਸਾਕ ਉਹਨੂੰ ਆਉਂਦੇ ਨੇ ਪਰ ਉਹਦੀ ਮਰਜ਼ੀ ਏ ਕਿ ਉਹਦੀ ਵਹੁਟੀ ਉਹ ਹੋਵੇ ਜਿਹੜੀ ਪਾਕਿਸਤਾਨ ਦੀ ਜੰਮੀ ਪਲੀ ਹੋਵੇ-ਆਪਣੀ ਸਕੀਨਾ ਦੀ ਮਹਿੰਦੀ ਦਾ ਰੰਗ ਫਿਕਾ ਨਹੀਂ ਪਿਆ, ਆਖੋ ਤਾਂ ਗੱਲ ਚਲਾ ਵੇਖਾਂ।

ਅੱਬਾ : ਪਰ ਉਹਦੀ ਉਮਰ ਕੀ ਏ ?

ਮਰਾਸੀ : ਹੋਸੀ ਚਾਲ੍ਹੀਆਂ ਦੇ ਨੇੜੇ ਤੇੜੇ, ਪਰ ਚੌਧਰੀ ਜਿਨ੍ਹਾਂ ਖੁਰਾਕਾਂ ਖਾਧੀਆਂ ਹੋਣ ਉਹ ਉਮਰਾਂ ਨਾਲ ਬੁੱਢੇ ਥੋੜੇ ਹੁੰਦੇ ਨੇ। ਅਮਰੀਕਾ ਵਾਲੇ ਤਾਂ ਸੁਣਿਆ ਏ ਕਿ ਚਾਲੀ ਕਿਸਮ ਦਾ ਗੋਸ਼ਤ ਖਾਂਦੇ ਨੇ। ਚਿਹਰਾ ਹੁਸਦਾਹ-ਅੱਤ ਲਾਲ ਭਖਦਾ-ਜਵਾਨਾਂ ਨਾਲੋਂ ਵੱਧ ਜਵਾਨ। ਜਦੋਂ ਆਇਆ ਉਹਦੇ ਵਾਲਾਂ ਵਿਚ ਕੋਈ ਕੋਈ ਚਿੱਟਾ ਦਿਸਦਾ ਸੀ ਪਰ ਜਦੋਂ ਗੁਸਲਖਾਨੇ 'ਚ ਨਿਕਲਿਆ, ਪਤਾ ਨਹੀਂ ਕਿਹੜੀ ਖਜ਼ਾਬ ਲਾਈ, ਸਭ ਕਾਲੇ ਹੀ ਕਾਲੇ। ਮੈਂ ਫਿਆਜ਼ ਨੂੰ ਵੀ ਇਕ ਨਜ਼ਰ ਵੇਖਿਆ ਹੋਇਆ ਸੀ ਪਰ ਉਹ ਫਿਆਜ਼ ਤੋਂ ਕਈ ਗੁਣਾ ਸੋਹਣਾ ਏ... ਭਲਾ ਇਹੋ ਜਿਹਾ ਜਵਾਨ ਕਿਧਰੇ ਲੱਭਦੈ.. ਕਿਸੇ ਵੀ ਕੁੜੀ ਦੇ ਖਵਾਬਾਂ ਦੀ ਤਾਸੀਰ...

ਅੱਬਾ : ਮੈਂ ਸਕੀਨਾ ਨੂੰ ਪੁੱਛਕੇ ਵੇਖਾਂਗਾ.. ਉਹ ਤਾਂ ਅਜਕੱਲ ਇਸ ਮੋਜ਼ੂ 'ਤੇ

ਬੋਲਦੀ ਨਹੀਂ।

ਮਰਾਸੀ : ਮੋਜੂ ਪਤਾ ਏ... ਜਿਸ ਕੁੜੀ ਦੀ ਮਹਿੰਦੀ ਲਗੀ ਦਾ ਸਾਕ ਛੁਟ ਜਾਏ, ਉਹ ਬੋਲਣ ਜੋਗੀ ਸ਼ੋਹਦੀ ਰਹਿੰਦੀ ਹੀ ਕਦੋਂ ਏ... ਉਹਦੇ ਨਾਲ ਤਰੀਕੇ ਨਾਲ ਗੱਲ ਰਮਜ਼ੋ ਮਾਸੀ ਕਰ ਲਵੇਗੀ-ਤੁਸੀਂ ਆਪਣਾ ਇਰਾਦਾ ਬਣਾਓ, ਤੁਹਾਡੇ ਵੱਲੋਂ ਹਾਂ ਹੋਣੀ ਚਾਹੀਦੀ ਏ।

ਅੱਬਾ : ਜੇ ਉਹਦਾ ਰੋਜ਼ਗਾਰ ਚੰਗਾ ਏ ਤਾਂ ਮੈਨੂੰ ਕੀ ਇਤਰਾਜ ਹੋ ਸਕਦਾ ਏ, ਭਾਵੇਂ ਸੱਤ ਸਮੁੰਦਰੋਂ ਪਾਰ ਧੀ ਨੂੰ ਭੇਜਣ ਲਈ ਵਡੇ ਜਿਗਰੇ ਦੀ ਲੋੜ ਏ...

ਮਰਾਸੀ : ਇਹ ਤਾਂ ਤੇਰੀ ਗੱਲ ਠੀਕ ਏ ਚੌਧਰੀ, ਪਰ ਧੀਆਂ ਨੂੰ ਘਰ ਥੋੜਾ ਬਿਠਾਇਆ ਜਾ ਸਕਦਾ ਏ-ਧੀਆਂ ਤਾਂ ਰਾਜਿਆਂ ਨੂੰ ਵੀ ਤੋਰਨੀਆਂ ਪਈਆਂ ਨੇ ...ਧੀਆਂ ਤਾਂ ਹੁੰਦੀਆਂ ਹੀ ਕਿਸੇ ਦੀ ਅਮਾਨਤ-ਬਾਕੀ ਚੌਧਰੀ ਤੁਸੀਂ ਰੁਜ਼ਗਾਰ ਦੀ ਗੱਲ ਕੀਤੀ ਏ, ਰੁਜ਼ਗਾਰ ਦੀ ਚੌਧਰੀ ਅਮਰੀਕਾ ਵਿਚ ਕੋਈ ਕਮੀ ਏ.. ਕਹਿੰਦੇ ਨੇ ਉਥੇ ਗੂੰ ਵਾਲੀ ਕੁਜਾਲੀ ਸਾਫ ਕਰੋ ਤਾਂ ਡਾਲਿਆਂ ਦੇ ਢੇਰ ਲਗ ਜਾਂਦੇ ਨੇ.. ਅਸ਼ਕੇ ਬਈ ਆਪਣੇ ਜਵਾਨਾਂ ਦੀ ਮੁਸ਼ੱਕਤ ਕਰਨ ਦੀ ਜਾਚ ਭਲਾ ਕੋਈ ਮੁਸ਼ੱਕਤ ਵਾਲਾ ਕੰਮ ਕਰਨ ਵਿਚ ਕੀ ਪਰਹੇਜ਼... ਚੌਧਰੀ ਦਾ ਭਾਂਜਾ ਤਾਂ ਉਥੇ ਬਾਗ਼ਬਾਨੀ ਦਾ ਪੇਸ਼ਾ ਕਰਦਾ ਏ... ਫੁਲਾਂ ਦਾ, ਫਲਾਂ ਵਾਲੇ ਬੂਟਿਆਂ ਦੀ ਬੜੀ ਜਾਣਕਾਰੀ ਰਖਦੈ-ਅਖੇ ਕੋਠੀਆ 'ਚ ਕਿਹੜੇ ਦਰਖਤ ਲਗਾਏ ਜਾਣ ਕਿ ਫਲ ਵੀ ਮਿਲ ਜਾਣ ਤੇ ਆਲਾ ਦੁਆਲਾ ਖ਼ੂਬਸੂਰਤ ਵੀ ਲਗੇ.. ਆਪਣੇ ਮਾਮੇ ਦੀ ਹਵੇਲੀ ਦੇ ਇਰਦ ਗਿਰਦ ਉਹ ਇਹੀ ਕੰਮ ਕਰਵਾ ਰਿਹੈ-ਮੈਂ ਉਹਨਾਂ ਨੂੰ ਸਕੀਨਾ ਬੀਬੀ ਬਾਰੇ ਦੱਸਿਆ ਕਿ ਉਹ ਇਲਾਕੇ ਦੀ ਇਕੋ ਇਕ ਕੁੜੀ ਏ ਜਿਹੜੀ ਕਾਲਜ ਜਾਕੇ ਹਟੀ ਏ... ਓਹਨਾਂ ਨੂੰ ਫਿਆਜ਼ ਬਾਰੇ ਵੀ ਦੱਸਿਆ... ਕਿਡਾ ਬਦਬਖ਼ਤ ਏ ਉਹ ਜਵਾਨ,ਜਿਸਨੇ ਜ਼ਿੰਦਗੀ ਦੀ ਇਸ ਨਿਆਮਤ ਨੂੰ ਠੁਕਰਾ ਦਿੱਤਾ... ਵਡੇ ਚੌਧਰ ਨੇ ਉਸੇ ਵੇਲੇ ਮੈਨੂੰ ਤੁਹਾਡੇ ਵੱਲ ਭੇਜਿਆ... ਉਨ੍ਹਾਂ ਦੀ ਕੋਈ ਮੰਗ ਹੀ ਨਹੀਂ.. ਨਾ ਕਪੜਾ, ਨਾ ਗਹਿਣੇ, ਨਾ ਮੋਟਰ ਸਾਈਕਲ.. ਬੱਸ ਨਿਕਾਹ ਹੁਣੇ ਹੋ ਜਾਏਗਾ.. ਫੇਰ ਚਹੁੰ ਮਹੀਨਿਆਂ ਦੇ ਵਿਚ ਵਿਚ ਦੁਲ੍ਹਣ ਅਮਰੀਕਾ ਚਲੀ ਜਾਏਗੀ ਹਵਾਈ ਜਹਾਜ਼ 'ਤੇ ਬਹਿਕੇ... ਸਾਡੇ ਸਾਰੇ ਇਲਾਕੇ 'ਚ ਹਵਾਈ ਜਹਾਜ਼ 'ਚ ਕਿਸੇ ਨੇ ਬਹਿਕੇ ਨਹੀਂ ਵੇਖਿਆ-ਸਕੀਨਾ ਪਹਿਲੀ ਕੁੜੀ ਹੋਸੀ... ਚਹੁੰ ਮਹੀਨਿਆਂ ਦੀ ਗੱਲ ਏ.. ਭਾਵੇਂ ਉਸ ਦੌਰਾਨ ਵਡੇ ਚੌਧਰੀ ਹੋਰਾਂ ਦੇ ਰਹਿ ਲਵੇ ਭਾਵੇਂ ਇਥੇ ਤੁਹਾਡੇ ਕੋਲ

ਹੀ ਰਹਿੰਦੀ ਜਾਵੇ... ਹਲਾ ਮੈਂ ਚਲਦਾ ਹਾਂ, ਤੁਸੀਂ ਸਲਾਹ ਕਰ ਲੈਣੀ...ਅਲ੍ਹਾ ਨੇ ਚਾਹਿਆ ਸਭ ਠੀਕ ਹੋ ਜਾਸੀ...ਸਕੀਨਾ ਬੀਬੀ ਤੁਹਾਡੀ ਗਲ ਮੋੜਣ ਥੋੜਾ ਲਗੀ ਏ... ਡਾਢੀ ਫਰਮਾਂਕਾਰ ਬੇਟੀ ਏ।

*(ਉਠਕੇ ਜਾਣ ਲਗਦਾ ਏ, ਚੌਧਰੀ ਜੇਬ ਵਿਚੋਂ ਇਕ ਨੋਟ ਕੱਢਕੇ ਦੇਂਦਾ ਏ।)*

ਅੱਬਾ : ਲੈ ਮਰਾਸੀਆ ਇਹ ਰੱਖ ਲੈ ਤੇਰਾ ਸ਼ੁਕਰਾਨਾ।

ਮਰਾਸੀ : ਮੈਂ ਸ਼ੁਕਰਾਨਾ ਨਹੀਂ, ਇਨੂੰ ਲਾਗ ਹੀ ਸਮਝਾਂਗਾ। (ਇਕ ਪਾਸੇ ਜਾ ਕੇ ਆਪਣੇ ਆਪ ਨਾਲ ਗੱਲਾਂ ਕਰਦਾ ਏ) ਇਧਰੋਂ ਵੀ ਲਾਗ ਮਿਲ ਗਈ, ਉਧਰੋਂ ਵੀ ਵੱਡੀ ਲਾਗ ਮਿਲੇਗੀ, ਇਕ ਡਾਲਰ ਦੇ ਤਾਂ ਹੁਣ ਰੁਪਏ ਹੀ ਬੜੇ ਬਣ ਜਾਂਦੇ ਨੇ। ਸਾਡਾ ਲਾਗੀਆਂ ਦਾ ਕੰਮ ਬੜਾ ਸ਼ਗਨਾ ਵਾਲਾ ਕੰਮ ਏ ਪਰ ਹੈ ਬੜਾ ਕੁੱਤਾ ਕੰਮ... ਕੁੜੀ ਵਾਲਿਆਂ ਦੇ ਘਰ ਜਾਵੋ ਤਾਂ ਮੁੰਡੇ ਦੀਆਂ ਤਰੀਫ਼ਾਂ ਦੇ ਪੁੱਲ ਬੰਨੋ, ਜੇ ਮੁੰਡੇ ਵਾਲਿਆਂ ਦੇ ਘਰ ਜਾਓ ਤਾਂ ਕੁੜੀ ਦੀਆਂ ਤਰੀਫਾਂ ਦੇ ਪੁੱਲ ਬੰਨੋ।

*(Fade Out-Fade In ਤੇ ਲਾਈਟ ਸਕੀਨਾ 'ਤੇ ਪੈਂਦੀ ਹੈ-ਸ਼ਹਿਨਾਈ ਦੀ ਸੁਰ ਪਲ ਦੇ ਪਲ ਵਜਦੀ ਹੈ।)*

ਸਕੀਨਾ : (ਆਪਣੇ ਆਪ ਨੂੰ) ਅੱਬਾ ਦਾ ਹੁਣ ਇਕੋ ਫਿਕਰ ਏ ਕਿ ਮੈਨੂੰ ਕਿਸ ਤਰ੍ਹਾਂ ਮਗਰੋਂ ਲਾਹੁਣ.. ਇਹ ਧੀਆਂ ਦੇ ਕਿਹੋ ਜਿਹੇ ਲੇਖ ਨੇ ਕਿ ਉਹ ਆਪਣੇ ਘਰ ਹੀ ਪਰਾਈਆਂ ਹੋ ਜਾਂਦੀਆਂ ਨੇ... ਮਾਪਿਆਂ ਲਈ ਬਿਗਾਨੀਆਂ ਹੋ ਜਾਂਦੀਆਂ ਨੇ...ਮੈਂ ਆਪਣੇ ਘਰ ਤੋਂ ਆਪਣੇ ਪਿੰਡਾਂ ਤੋਂ ਆਪਣੇ ਮੁਲਕ ਤੋਂ ਦੂਰ ਚਲੀ ਜਾਵਾਂਗੀ, ਜਿਥੇ ਮੇਰੇ ਕੰਨਾਂ ਨੂੰ ਇਹ ਅਵਾਜ਼ੇ ਨਹੀਂ ਸੁਣਨੇ ਪੈਣਗੇ...

1 : ਜਾ ਰਹੀ ਏ ਇਸਲਾਮੀਆ ਕਾਲਜ ਦੀ ਹੂਰਾਂ ਪਰੀ, ਹੀਰ ਸਲੇਟੀ

2 : ਕਿਤਾਬਾਂ ਚੁੱਕੀ ਕਾਲਜ ਜਾਂਦੀ ਦਾ ਨਖ਼ਰਾ-ਹਾਏ ਕੋਈ ਅਦਾ

3 : ਮਹਿੰਦੀ ਵੇਖਕੇ ਆਪਣੇ ਆਸ਼ਿਕ ਨੂੰ ਯਾਦ ਕਰੇਗੀ

4 : ਨਹੀਂ ਹਾਏ ਆਪਣੇ ਯਾਰ ਨੂੰ ਯਾਦ ਕਰੇਗੀ।ਕਾਸ਼ ਮੈਂ ਚੌਧਰੀ ਬਰਕੁਤ ਅਲ੍ਹੀ ਦੀ ਧੀ ਨਾ ਹੁੰਦੀ-ਸਗੋਂ ਰਹਿਮਤੇ ਮੁਜ਼ਾਰੇ ਦੀ ਧੀ ਹੁੰਦੀ-ਖੇਤੀ 'ਚ ਮੇਹਨਤ ਕਰਨ ਵਾਲੇ ਦੀ ਧੀ ਹੁੰਦੀ, ਮੇਰਾ ਖਾਵੰਦ ਟੁੱਟੇ ਸਾਈਕਲ ਨੂੰ ਹੀ ਠੀਕ ਕਰਕੇ ਚਲਾਉਣ ਵਾਲਾ ਹੁੰਦਾ... ਮੋਟਰ ਸਾਈਕਲ ਦੀ ਮੰਗ ਕਰਨ ਵਾਲਾ ਨਾ ਹੁੰਦਾ..ਸਾਈਕਲ ਦੇ ਕੈਰੀਅਰ 'ਤੇ ਬੈਠੀ ਮੈਂ ਵਡੇ ਸੁਪਨੇ ਲੈ ਸਕਦੀ ਕਾਸ਼...ਇਹ ਸ਼ਹਿਨਾਈ ਖੁਸ਼ੀ ਦੀ ਹੁੰਦੀ... ਸੋਗ ਦੀ ਨਹੀਂ..

*(ਹੌਲੀ ਹੌਲੀ ਪਰਦਾ ਹੁੰਦਾ ਹੈ ਅਤੇ ਪਿਛੋਕੜ ਤੋਂ ਇਹ ਗੀਤ ਸਾਡਾ ਚਿੜੀਆਂ ਦਾ ਚੰਬਾ...)*

*(Interval)*

ਅੰਮਾ : ਤੂੰ ਹੁਣ ਨਹੁੰਆਂ ਨੂੰ ਪਾਲਸ਼ ਲਾਉਂਦੀ ਰਹੇਂਗੀ ਕਿ ਕੋਈ ਹੋਰ ਕੰਮ ਵੀ ਕਰੇਂਗੀ ?

ਸਕੀਨਾ : ਮੈਂ ਆਪਣੇ ਨਹੁੰਆਂ ਨੂੰ ਪਾਲਸ਼ ਲਗਾ ਰਹੀ ਹਾਂ, ਤੈਨੂੰ ਕੀ ਤਕਲੀਫ ਏ, ਤੂੰ ਆਪਣੀ ਤਸਬੀ ਫੇਰਦੀ ਜਾ।

ਅੰਮਾ : ਤੇਰੀ ਇਹ ਜ਼ਬਾਨ ਕਿਸ ਤਰ੍ਹਾਂ ਚਲਦੀ ਏ ? ਪੁੱਤ ਮੇਰਾ ਕਹਿੰਦਾ ਸੀ ਕਿ ਮੈਂ ਪਾਕਿਸਤਾਨ ਤੋਂ ਇਕ ਫਰਮਾਂਦਾਰ ਬੀਵੀ ਲਿਆਵਾਂਗਾ, ਮੈਂ ਆਪਣੇ ਭਾਈ ਜਾਨ ਨੂੰ ਇਥੋਂ ਖਾਸ ਫੋਨ ਕੀਤਾ ਤਾਂ ਉਹਨਾਂ ਨੇ ਕਿਹਾ ਗੱਲ ਹੀ ਕੋਈ ਨਹੀਂ,ਜ਼ਾਹਦ ਨੂੰ ਇਥੇ ਭੇਜ ਦੇਵੋ... ਫਰਮਾਂਦਾਰ ਵੀ, ਘਰੇਲੂ ਕਿਸਮ ਦੀ ਸੋਹਣੀ ਕੁੜੀ ਲਭਕੇ ਦੇਵਾਂਗਾ... ਤੇ ਲਭ ਦਿੱਤਾ ਤੈਨੂੰ ਨਾ ਸੀਰਤ ਨਾ ਅਕਲ ਨਾ ਸ਼ਕਲ।

ਸਕੀਨਾ : ਸ਼ਕਲ ਅੰਮਾ ਤੇਰੀ ਧੀ ਸਾਜ਼ੀਆ ਨਾਲੋਂ ਮਾੜੀ ਨਹੀਂ, ਜਿਸਨੂੰ ਤੂੰ ਪੈਦਾ ਕੀਤਾ।

ਅੰਮਾ : ਕਿਉਂ ਕੀ ਏ ਉਹਦੀ ਸ਼ਕਲ ਨੂੰ ?

ਸਕੀਨਾ : ਇਹ ਉਸਦੇ ਮੀਆਂ ਕੋਲੋਂ ਪੁੱਛ।

ਅੰਮਾ : ਤਾਂ ਤੂੰ ਉਹਦੇ ਮੀਏ ਕੋਲੋਂ ਪੁੱਛ ਲਿਆ ਏ ? ਤਾਹੀਓਂ ਘਰ ਆਏ ਉਸ ਕੋਲ ਢੁੱਕ ਢੁੱਕ ਬਹਿੰਦੀ ਏਂ, ਡੋਰੇ ਪਾਉਂਦੀ ਏ, ਉਹ ਤੇਰੇ ਨਹੁੰਆਂ ਦੇ ਪਾਲਸ਼ ਦੀ ਤਰੀਫ ਕਰਦਾ ਨਹੀਂ ਥੱਕਦਾ, ਅਖੇ ਭਾਬੀ ਤੇਰੇ ਨਹੁੰਆਂ ਦੇ ਪਾਲਸ਼ ਦਾ ਰੰਗ ਤੇਰੀਆਂ ਅੱਖਾਂ ਨਾਲ ਰਲਦਾ ਏ, ਥੋੜੀ ਜਾਚ ਸਾਜ਼ੀਆ ਨੂੰ ਵੀ ਸਿਖਾਕੇ (ਤਸਬੀ ਫੇਰਦੀ ਹੋਈ) ਮਰਦ ਜਾਤ ਨੂੰ ਦੂਜਿਆਂ ਦੀਆਂ ਰੰਨਾ ਹੀ ਪਸੰਦ ਆਉਂਦੀਆਂ ਨੇ... ਆਪਣੀ ਕਿੰਨੀ ਵੀ ਸੋਹਣੀ ਹੋਵੇ ਪਰ ਕੋਠੇ ਬੈਠੀ ਕੰਜਰੀ ਦੇ ਪੈਰ ਚੱਟਣ ਦੀ ਲਾਲਸਾ ਨਹੀਂ ਜਾਂਦੀ, ਗਲ੍ਹਾਂ ਵਗਦੀਆਂ ਨੇ... ਤੂੰ ਵੀ ਕਿਸੇ ਕੰਜਰੀ ਨਾਲੋਂ ਘੱਟ ਨਹੀਂ... ਮੂੰਹ ਐਵੇਂ ਨਹੀਂ ਚੋਪੜਦੀ ਫਿਰਦੀ... ਨਹੁੰਆਂ ਨੂੰ ਪਾਲਸ਼ ਐਵੇਂ ਨਹੀਂ ਲਗਾਉਂਦੀ (ਮਾਲਾ ਫੇਰਦੀ ਹੋਈ) ਹੁਣ ਮੈਨੂੰ ਸਮਝ ਲਗੀ ਕਿ ਅਗਲੇ ਮਹਿੰਦੀ ਲੱਗੀ ਨੂੰ ਕਿਉਂ ਛੱਡ ਗਏ... ਤੇ ਮੇਰੀ ਸੁਣ ਲੈ, ਜੇ ਤੂੰ ਮੇਰੇ ਜਵਾਈ 'ਤੇ ਡੋਰੇ ਪਾਏ ਤਾਂ ਮੇਰਾ ਪੁੱਤਰ ਤੇਰੇ ਨਾਲ ਉਹ ਬਾਬ ਕਰੇਗਾ ਕਿ ਤੂੰ ਯਾਦ ਕਰੇਂਗੀ। ਉਹ ਬਰਦਾਸ਼ਤ ਨਹੀਂ ਕਰ ਸਕਦਾ ਕਿ ਉਹਦੀ ਭੈਣ ਦਾ ਘਰ ਉੱਜੜ ਜਾਏ... ਉਹਦੀ ਚਮੜੇ ਵਾਲੀ ਬੈਲਟ ਹਰ ਵੇਲੇ ਅਲਮਾਰੀ 'ਚ ਟੰਗੀ ਰਹਿੰਦੀ

ਏ... ਤੇਰੇ ਤੋਂ ਪਹਿਲੇ ਵਾਲੀ ਵੀ ਉਸ ਕੋਲੋਂ ਮਾਰ ਖਾਂਦੀ ਸੀ, ਪਰ ਕੁਸਕਦੀ ਨਹੀਂ ਸੀ। ਚਾਹੇ ਉਹ ਬਾਂਝ ਸੀ ਪਰ ਉਹ ਇਕ ਫਰਮਾਂਦਾਰ ਔਰਤ ਸੀ, ਤਾਬਿਆਦਾਰ ਔਰਤ ਸੀ, ਤੇਰੇ ਤੋਂ ਸੱਤ ਗੁਣਾ ਚੰਗੀ ਸੀ।

ਸਕੀਨਾ : ਅੰਮਾ, ਇਕ ਗੱਲ ਆਖਾਂ... ਤੇਰਾ ਤਸਬੀ ਦੇ ਮਣਕੇ ਘੁੰਮਾਂਦਿਆਂ ਖਿਆਲ ਅਲ੍ਹਾ ਮੀਆਂ ਵੱਲ ਘੱਟ ਹੁੰਦਾ ਏ, ਮੇਰੇ ਵੱਲ ਵੱਧ ਹੁੰਦਾ ਏ–ਇਹ ਦਸ ਤੂੰ ਮੇਰੇ ਕੋਲੋਂ ਚਾਹੁੰਦੀ ਕੀ ਏਂ ?

ਅੰਮਾ : ਬਸ ਟਿੱਕਕੇ ਰਹਿ... ਘਰ ਦੇ ਕੰਮਾਂ 'ਚ ਦਿਲਚਸਪੀ ਲੈ, ਪਤਾ ਨਹੀਂ ਤੇਰਾ ਖਿਆਲ ਕਿਥੇ ਰਹਿੰਦਾ ਏ ? ਸਵੇਰੇ ਫਿਸਲਕੇ ਗੋਡੇ ਤੋਂ ਨੀਲ ਪੁਆਇਆ, ਦੁਪਹਿਰੇ ਖੀਰਾ ਕੱਟਦੀ ਨੇ ਆਪਣੀ ਉਂਗਲੀ ਜ਼ਖਮੀਂ ਕੀਤੀ, ਸ਼ਾਮ ਨੂੰ ਪੂੜੀਆਂ ਤਲਦੀ ਨੇ ਗਰਮ ਤੇਲ ਨਲ ਹੱਥ ਜਲਾ ਲਿਆ, ਪਤਾ ਨਹੀਂ ਕਿਹੜੇ ਖਿਆਲਾਂ 'ਚ ਗੁੰਮ ਰਹਿੰਦੀ ਏਂ... ਤੂੰ ਪਲਕਾਂ 'ਤੇ ਏਨਾਂ ਜ਼ਿਆਦਾ ਮਸਕਾਰਾ ਚੋਪੜਦੀ ਏਂ ਕਿ ਢੰਗ ਨਾਲ ਤੈਨੂੰ ਕੋਈ ਚੀਜ਼ ਨਜ਼ਰ ਹੀ ਨਹੀਂ ਆਉਂਦੀ.. ਘਰ ਵਿਚ ਲਹੂਸਤ ਫੈਲਾ ਛੱਡੀ ਏ... (ਤਸਬੀ ਫੇਰਦੀ ਹੋਈ) ਸਵੇਰੇ ਉਠਕੇ ਜਿਹੜਾ ਸ਼ਖਸ ਅੱਲ੍ਹਾ ਰਸੂਲ ਦਾ ਨਾਮ ਨਹੀਂ ਲਏਗਾ, ਉਹ ਸੜੇਗਾ ਨਹੀਂ ਤੇ ਹੋਰ ਕੀ ਕਰੇਗਾ।

ਸਕੀਲਾ : ਏਸ ਘਰ ਵਿਚ ਆਕੇ ਮੈਂ ਕੀ ਪਾਇਆ ਏ ? ਮੇਰਾ ਕਿਸੇ ਨੇ ਕੀ ਚਾਅ ਕੀਤਾ ਏ ? ਆਈ ਦੇ ਕਿਹੜਾ ਤੇਲ ਚੋਇਆ ਏ ?

ਅੰਮਾ : ਚਾਅ ਕੀ ਕਰਦੀ, ਮੇਰੇ ਘਰ ਇਥੇ ਆਈ ਤਾਂ ਪੈਰ ਤੇਰੇ ਭਾਰੇ ਸਨ, ਪਤਾ ਨਹੀਂ ਪਾਕਿਸਤਾਨ ਤੋਂ ਕਿਹਦਾ ਤੁਖ਼ਮ ਪੇਟ 'ਚ ਪਾ ਲਿਆਈ ਏਂ?

ਸਕੀਨਾ : ਤੇਰੇ ਪੁੱਤਰ ਦਾ ਹੀ ਤੁਖ਼ਮ ਏ–ਨਿਕਾਹ ਤੋਂ ਬਾਅਦ ਜਿਹੜਾ 20 ਦਿਨ ਉਥੇ ਰਿਹਾ, ਚੂੰਡ-ਚੂੰਡਕੇ ਖਾ ਗਿਆ.. 20 ਦਿਨ ਹੋਰ ਉਹਨੂੰ ਕੰਮ ਹੀ ਕੀ ਸੀ.. ਬਾਕੀ ਨਹੂਸਤ ਦੀ ਗੱਲ ਕੀਤੀ ਏਂ, ਨਹੂਸਤ ਤਾਂ ਇਸ ਘਰ ਦੀਆਂ ਕੰਧਾਂ ਤੋਂ ਜ਼ਾਹਰ ਏ।

*(ਆਖਰੀ ਗੱਲ ਜ਼ਾਹਦ ਨੇ ਸੁਣ ਲਈ ਹੈ, ਉਹ ਸਿੱਧਾ ਹੀ ਉਸਨੂੰ ਚਪੇੜ ਮਾਰਦਾ ਹੈ।)*

ਜ਼ਾਹਦ : ਹਰਾਮਜ਼ਾਦੀ ਕਮੀਨੀ, ਮੇਰੀ ਮਾਂ ਅਗੇ ਜਵਾਬ ਦਿੰਦੀ ਏਂ ? ਅਗਰ ਤੈਨੂੰ ਇਸ ਘਰ 'ਚ ਨਹੂਰ ਆਂਦੀ ਏ ਤਾਂ ਇਥੇ ਖੜੀ ਕੀ ਕਰਦੀ ਏਂ ? ਦਫ਼ਾ ਹੋ ਜਾ...

*(ਬਾਂਹ ਪਕੜਕੇ ਦਰਵਾਜ਼ੇ ਵੱਲ ਖਿੱਚਦਾ ਹੈ..ਨੋਟ : ਇਥੇ ਪੂਰਾ ਡਰਾਮਾ ਹੁੰਦਾ ਹੈ।)*

ਅੰਮਾ : ਅਗਲੇ ਮਹਿੰਦੀ ਲਗੀ ਨੂੰ ਛੱਡ ਗਏ ਸ਼ੁਕਰ ਨਹੀਂ ਕਰਦੀ ਕਿ ਅਸਾਂ ਅਮਰੀਕਾ ਵਿਚ ਲਿਆਕੇ ਇਹਨੂੰ ਰਾਜ 'ਤੇ ਬਿਠਾ ਦਿੱਤਾ ਏ..

ਜ਼ਾਹਦ : ਐਸ਼ ਆਰਾਮ ਦੀ ਜ਼ਿੰਦਗੀ ਇਸਨੂੰ ਰਾਸ ਨਹੀਂ ਆਈ। ਆਪਣੇ ਆਪ ਨੂੰ ਚੌਧਰੀਆਂ ਦੀ ਧੀ ਸਮਝਦੀ ਏ। ਇਹਦੇ ਵਰਗੀਆਂ ਪਾਕਿਸਤਾਨ ਵਿਚ ਸਾਰਾ ਦਿਨ ਸੜਕਾਂ 'ਤੇ ਬੱਜਰੀ ਕੁੱਟਦੀਆਂ ਨੇ, ਘਾਹ ਖੋਤਦੀਆਂ ਨੇ।

ਅੰਮਾ : ਕੰਮ ਨਾ ਕਾਜ ਦੀ, ਦੁਸ਼ਮਣ ਅਨਾਜ਼ ਦੀ-ਸਾਰਾ ਦਿਨ ਬਜ਼ਾਰੀ ਔਰਤਾਂ ਦੀ ਤਰ੍ਹਾਂ ਸੱਜ ਧੱਜ ਕੇ ਬੈਠੀ ਰਹਿੰਦੀ ਏ-ਪੁੱਤ, ਏਸ ਤਰ੍ਹਾਂ ਦੀਆਂ ਔਰਤਾਂ ਨੂੰ ਦੋ ਸਵੇਰੇ ਚਾਰ ਸ਼ਾਮੀ ਪੈਂਦੀਆਂ ਰਹਿਣ, ਫੇਰ ਹੀ ਠੀਕ ਰਹਿੰਦੀਆਂ ਨੇ। (ਤਸਬੀ ਫੇਰਦੀ ਹੈ) ਹੁਣ ਲੈ ਆ ਸੂ ਅੰਦਰ-ਬਾਹਰ ਪਈ ਰਹੀ ਤਾਂ ਪੜੋਸੀ ਕੀ ਕਹਿਣਗੇ।

ਜ਼ਾਹਦ : ਨਹੀਂ ਅੰਮਾ, ਇਕ ਰਾਤ ਬਾਹਰ ਪਈ ਰਹਿਣ ਦੇ, ਆਪੇ ਹੋਸ਼ ਆ ਜਾਊ।

*(ਫੇਡ ਆਊਟ)*

*(ਸਕੀਨਾ ਨੂੰ ਘਰੋਂ ਕੱਢ ਦਿੱਤਾ ਹੈ। ਉਹੁ ਹਣ ਇਕ ਬੈਂਚ 'ਤੇ ਬੈਠੀ ਹੈ। ਜਦੋਂ ਇਕ ਸਾਰਜੰਟ ਆਉਂਦਾ ਹੈ। ਉਹ ਪਹਿਲੇ ਉਹਦੇ ਵੱਲ ਇਕ ਪੁਲਸ ਵਾਲੇ ਦੀ ਸਵਾਲੀਆ ਨਜ਼ਰਾਂ ਨਾਲ ਵੇਖਦਾ ਹੈ ਤੇ ਫੇਰ ਨਜ਼ਦੀਕ ਆਕੇ ਪੁੱਛਦਾ ਹੈ। ਏਸ ਸਵਾਲ ਕਰਨ ਦੇ ਸਿਲਸਲੇ 'ਚ ਸਕੀਨਾ ਵੱਲੋਂ ਕੋਈ ਜਵਾਬ ਨਹੀਂ..)*

ਸਾਰਜੰਟ : ਕੌਣ ਏ ਤੂੰ ?...ਏਨੀ ਰਾਤ ਇਥੇ ਕਿਉਂ ਬੈਠੀ ਏਂ ?...ਤੇਰਾ ਘਰ ਕਿਥੇ ਏ...Where do you live ? ਮੈਂ ਪੁੱਛਦਾ ਹਾਂ ਤੇਰਾ ਘਰ ਕਿਥੇ ਏ ?... ਕਹਿਣਾ ਚਾਹੁੰਦੀ ਏ ਤੇਰਾ ਕੋਈ ਘਰ ਨਹੀਂ... ਖਾਨਾਬਦੋਸ਼ ਔਰਤ ਏਂ ? ਜਿਸਮ ਫਿਰੋਸ਼ੀ ਤੇਰਾ ਧੰਦਾ ਏ ? I want to say, are you a sex worker ? ਇਹਦੇ ਲਈ ਇਹ suitable place ਨਹੀਂ ਅਗਰ ਤੂੰ nearby street 'ਚ ਪਾਰਕ 'ਚ ਚਲੀ ਜਾਏਂ ਤਾਂ ਤੈਨੂੰ ਗਾਹਕ ਮਿਲ ਸਕਦੈ- you can find a customer ਤੇਰਾ ਡਰੈਸ ਦਸਦਾ ਹੈ ਕਿ ਤੂੰ ਹਿੰਦੋਸਤਾਨੀ ਜਾਂ ਪਾਕਿਸਤਾਨੀ ਔਰਤ ਏ। I mean you are a desi woman ਤੇਰੇ ਚਿਹਰੇ ਦਾ ਇਹ ਚਟਾਖ਼ ਦਸਦਾ ਹੈ ਕਿ ਤੈਨੂੰ ਕਿਸੇ ਨੇ ਮਾਰਿਆ ਏ। ਜ਼ਰੂਰ ਤੇਰੇ husband

ਨੇ ਤੈਨੂੰ ਮਾਰਿਆ ਹੋਣਾ ਏ... ਸਿਰਫ ਮਾਰਿਆ ਨਹੀਂ ਘਰੋਂ ਕੱਢ ਦਿੱਤਾ ਹੋਣਾ ਏ.. you have been through out of your house... ਮੈਂ ਬੋਲਦਾ ਜਾ ਰਿਹਾ ਹਾਂ, ਤੂੰ ਕੋਈ ਜਵਾਬ ਹੀ ਨਹੀਂ ਦੇਂਦੀ.. ਇਹਦਾ ਮਤਲਬ ਏਕਿ ਜੋ ਕੁਝ ਮੈਂ ਕਹਿ ਰਿਹਾ ਹਾਂ ਉਹ ਸੱਚ ਹੈ, ਜੇ ਸੱਚ ਨਹੀਂ ਤਾਂ ਕਹਿਦੇ ਉਹ ਸੱਚ ਨਹੀਂ... ਤੇ ਜੋ ਸੱਚ ਏ, ਉਹ ਦਸਦੇ Kindly tell me what is the truth ?

ਸਕੀਨਾ : ਹਾਂ ਇਹ ਸੱਚ ਹੈ ਕਿ ਮੇਰਾ ਕੋਈ ਘਰ ਨਹੀਂ। ਇਹ ਸੱਚ ਹੈ ਕਿ ਮੇਰੇ ਖਾਵੰਦ ਨੇ ਮੈਨੂੰ ਮਾਰਿਆ ਹੈ। ਮੈਨੂੰ ਘਰੋਂ ਕੱਢ ਦਿੱਤਾ ਹੈ ਪਰ ਇਹ ਸੱਚ ਨਹੀਂ ਕਿ ਮੈਂ ਖਾਨਾਬਦੋਸ਼ ਹਾਂ, ਇਹ ਸੱਚ ਨਹੀਂ ਕਿ ਜਿਸਮ ਫਿਰੋਸ਼ੀ ਮੇਰਾ ਧੰਦਾ ਹੈ, ਇਹ ਸੱਚ ਨਹੀਂ ਕਿ ਮੈਂ ਇਕ ਗਾਹਕ ਦੀ ਤਲਾਸ਼ ਵਿਚ ਹਾਂ, ਹਾਂ ਮੈਂ ਇਕ ਹਮਦਰਦ ਦੀ ਤਲਾਸ਼ ਵਿਚ ਜ਼ਰੂਰ ਹਾਂ.. ਇਹ ਸੱਚ ਹੈ ਕਿ ਮੈਂ ਇਕ ਦੇਸੀ ਔਰਤ ਹਾਂ.. ਮੇਰਾ ਖਾਵੰਦ ਮੈਨੂੰ ਪਾਕਿਸਤਾਨ ਤੋਂ ਵਿਆਹਕੇ ਲਿਆਇਆ ਹੈ.. ਇਹ ਸੱਚ ਹੈ ਕਿ ਉਹਨੇ ਮੇਰੇ ਨਾਲ ਪਹਿਲੇ ਪਹਿਲ ਚੰਗਾ ਸਲੂਕ ਕੀਤੈ ਪਰ ਹੁਣ ਉਹ ਅਕਸਰ ਮੈਨੂੰ ਮਾਰਦਾ ਹੈ। ਉਹਦੇ ਵਾਸਤੇ ਉਹਨੇ ਇਕ ਚਮੜੇ ਦੀ ਬੈਲਟ ਰੱਖੀ ਹੈ। ਇਹ ਚਮੜੇ ਦੀ ਬੈਲਟ ਉਸ ਘਰ ਵਿਚ ਨਵੀਂ ਨਹੀਂ ਹੈ, ਉਹ ਆਪਣੀ ਪਹਿਲੀ ਬੀਵੀ ਨੂੰ ਵੀ ਉਹਦੇ ਨਾਲ ਮਾਰਦਾ ਸੀ... ਸੰਭਾਲੀ ਹੋਈ ਬੈਲਟ ਉਸਨੇ ਫਿਰ ਨਿਕਾਲ ਲਈ ਹੈ।

ਸਾਰਜੰਟ : OH I SEE, ਤੇਰੇ ਘਰ ਹੋਰ ਕੌਣ ਰਹਿੰਦਾ ਏ ?

ਸਕੀਨਾ : ਮੇਰੇ ਖਾਵੰਦ ਦੀ ਮਾਂ ਰਹਿੰਦੀ ਹੈ, ਉਹ ਮੇਰੀ ਕੋਈ ਮਦਦ ਨਹੀਂ ਕਰਦੀ, ਸਗੋਂ ਮੇਰੇ ਖਾਵੰਦ ਨੂੰ ਉਕਸਾਉਂਦੀ ਹੈ ਕਿ ਉਹ ਮੈਨੂੰ ਹੋਰ ਮਾਰੇ।

ਸਾਰਜੰਟ : ਤੇਰੇ ਖਾਵੰਦ ਨੇ ਤੈਨੂੰ ਮਾਰਿਆ ਏ, ਇਹਦੇ ਬਾਰੇ ਤੂੰ ਕੋਈ ਰੀਪੋਰਟ ਨਹੀਂ ਕੀਤੀ... You have not reported to police ?

ਸਕੀਨਾ : ਕਿਸ ਗੱਲ ਦੀ ਰੀਪੋਰਟ ?

ਸਾਰਜੰਟ : ਕਿ ਤੇਰੇ ਖਾਵੰਦ ਨੇ ਤੈਨੂੰ ਮਾਰਿਆ ਏ... Any How ਇਹ ਰੀਪੋਰਟ ਹੁਣ ਮੈਂ ਕਰਾਂਗਾ.. (ਡਾਇਰੀ ਕੱਢਕੇ) ਤੇਰੇ ਘਰ ਦਾ ਪਤਾ ?

ਸਕੀਨਾ : E-17-A, Block 16, 2nd Storey

ਸਾਰਜੰਟ : (ਥੋੜੀ ਹੈਰਾਨੀ ਲਾਲ) ਤਾਂ ਇਸਦਾ ਮਤਲਬ ਹੈ ਕਿ ਤੂੰ ਇੰਗਲਿਸ਼ ਜਾਣਦੀ ਹੈ ?

ਸਕੀਨਾ : ਹਾਂ ਮੈਂ ਆਪਣੇ ਮੁਲਕ, ਕਾਲਜ ਤੱਕ ਪੜ੍ਹਾਈ ਕੀਤੀ ਹੈ।

ਸਾਰਜੰਟ : ਫੇਰ ਤੂੰ ਆਪਣੇ ਖਾਵੰਦ ਦੀ beating ਨੂੰ ਕਿਉਂ ਬਰਦਾਸ਼ਤ ਕਰਦੀ ਏਂ ? ਹੁਣ ਤੂੰ ਅਮਰੀਕਾ 'ਚ ਹੈ ਪਾਕਿਸਤਾਨ ਵਿਚ ਨਹੀਂ... Wife

beating is a punishnable offence in this country.

ਸਕੀਨਾ : ਤਾਂ ਪਾਕਿਸਤਾਨ ਵਿਚ ਵੀ ਹੈ, ਪਰ ਉਥੇ ਪੁਲਿਸ ਨੂੰ ਸ਼ਿਕਾਇਤ ਕਰਨ ਦਾ ਕੋਈ ਫਾਇਦਾ ਨਹੀਂ। ਪੁਲਿਸ ਇੰਚਾਰਜ ਇਹੀ ਕਹੇਗਾ ਕਿ ਖਾਵੰਦ ਮਾਰਦਾ ਹੈ ਤਾਂ ਬਰਦਾਸ਼ਤ ਕਰੋ, ਇਹੀ ਬੀਵੀ ਦਾ ਫਰਜ਼ ਹੈ।

ਸਾਰਜੰਟ : ਇਹ ਤਾਂ ਬਹੁਤ ਪੁਰਾਣੀਆਂ ਗੱਲਾਂ ਨੇ...Very Very Old Practice, ਇਹ ਗੱਲਾਂ ਮੇਰੇ Aneestors ਵੀ ਦਸਦੇ ਸਨ, ਇਹ ਸਪੇਨ ਤੋਂ ਅਮਰੀਕਾ ਆਏ ਸਨ, ਪਰ ਹੁਣ ਤਾਂ Women Movements Acc Over The World Are Challenging This Concept... ਕੀ ਪਾਕਿਸਤਾਨ ਵਿਚ ਇਸ ਕਿਸਮ ਦੀ ਕੋਈ Movement ਨਹੀਂ ?

ਸਕੀਨਾ : ਹੈ ਉਥੇ ਵੀ ਇਸ concept ਨੂੰ ਚੈਲਿੰਜ ਕੀਤਾ ਜਾ ਰਿਹ ਹੈ-ਔਰਤਾਂ ਦੀ ਮੂਵਮੈਂਟ ਉਥੇ ਵੀ ਅਹਿਸਤਾ ਅਹਿਸਤਾ ਉਠ ਰਹੀ ਹੈ.. ਇਹ ਸਭ ਕੁਝ feudal system ਦੀ ਪੈਦਾਵਰ ਹੈ। ਉਥੇ ਜਦੋਂ ਬੇਨਜ਼ੀਰ ਭੁਟੋ Prime Minister ਸੀ ਤਾਂ ਔਰਤ ਦੀ ਆਜ਼ਾਦੀ ਦੀਆਂ ਗੱਲਾਂ ਸ਼ੁਰੂ ਹੋਈਆਂ ਸਨ... My Feudal Lords ਨਾਂ ਦੀ ਕਿਤਾਬ ਬਾਰੇ ਮੈਂ ਕਾਲਜ ਪੜ੍ਹਦੀ ਨੇ ਜ਼ਿਕਰ ਸੁਣਿਆ ਸੀ।

ਸਾਰਜੰਟ : ਦੇਖ ਹੁਣੇ ਹੁਣੇ ਤੂੰ ਬਿਲਕੁਲ ਚੁੱਪ ਸੀ, ਪਰ ਹੁਣ ਤੂੰ ਬੋਲ ਰਹੀ ਏਂ। This mean you have the feelings, but you do not speak, because you lack confidence any how, ਮੈਂ ਸਮਝਦਾ ਹਾਂ ਕਿ ਮੈਂ ਤੇਰਾ ਦੋਸਤ ਬਣ ਸਕਦਾ ਹਾਂ-ਮੈਂ ਤੇਰੀ ਮਦਦ ਕਰ ਸਕਦਾ ਹਾਂ.. ਵੈਸੇ ਵੀ ਕਿਸੇ grieved ਦੀ ਮਦਦ ਕਰਨਾ ਪੁਲਿਸ ਵਾਲਿਆਂ ਦਾ ਫਰਜ਼ ਹੁੰਦਾ ਹੈ। It is our duty.

ਸਕੀਨਾ : ਪਰ ਇਹ ਡਿਊਟੀ ਪਛਾਣਦਾ ਕੋਈ ਕੋਈ ਹੈ।

ਸਾਰਜੰਟ : (ਤਨਜ਼ੀਆ smile ਨਾਲ) ਹੁਣ ਤੇ ਸਾਡੀ country ਦੀ ਇਹ reputation ਬਣ ਗਈ ਹੈ ਕਿ ਅਸੀਂ world ਦੇ ਪੁਲਿਸਮੈਨ ਬਣ ਗਏ ਹਾਂ। ਅਸੀਂ ਉਹ ਕੰਮ ਸਾਂਭ ਲਿਆ ਹੈ, ਜਿਹੜਾ Security Council, U.N.O. ਜਾਂ ਹੋਰ World Bodies ਨੂੰ ਕਰਨਾ ਚਾਹੀਦੈ Any How ਤੂੰ ਹੁਣ ਇਥੇ ਨਹੀਂ ਬੈਠੀ ਰਹਿ ਸਕਦੀ, ਨਜ਼ਦੀਕ ਹੀ Asian Community Center ਹੈ, ਉਥੇ ਮੇਰੇ ਕਹਿਣ 'ਤੇ ਤੈਨੂੰ temporary refuge ਮਿਲ ਸਕੇਗਾ... ਉਥੇ ਤੈਨੂੰ security òÆ provide ਹੋ ਜਾਏਗੀ। ਬਾਕੀ ਤੇਰੇ husband against ਸਾਨੂੰ

action ਤਾਂ ਲੈਣਾ ਹੀ ਪਵੇਗਾ, ਇਹ ਤੈਨੂੰ ਚੰਗਾ ਲਗੇ ਯਾ ਨਾ ਲਗੇ…written report ਮੈਂ ਤੇਰੇ ਕੋਲੋਂ ਬਾਅਦ ਵਿਚ ਲੈ ਲਵਾਂਗਾ।

*(ਉਹ ਉੱਠਦੀ ਹੈ)*

ਸਾਰਜੰਟ : OH, You never told me that you are expecting a child. ਇਸ ਹਾਲਤ ਵਿਚ ਉਸ ਨੂੰ ਤੇਰੇ ਨਾਲ ਇਹ ਸਲੂਕ ਨਹੀਂ ਸੀ ਕਰਨਾ ਚਾਹੀਦਾ।

*(ਉਹਦੇ ਨਾਲ ਜਾਂਦੀ ਹੈ, ਹੌਲੇ ਹੌਲੇ ਫੇਡ ਆਊਟ।)*